P-1-32/Date of Posting: 4th-9th June 2023

ਮੁੱਲ: ₹20

# ਪ੍ਰਾਇਮਰੀ ਸਿੱਖਿਆ

ਜੂਨ 2023



ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ

# ਪ੍ਰਾਇਮਰੀ ਸਿੱਖਿਆ

ਜੂਨ 2023, ਸਾਲ 43ਵਾਂ ਅੰਕ 6

ਮੁੱਖ ਸੰਪਾਦਕ: ਅਮਰਜੀਤ ਕੌਰ ਦਾਲਮ
ਉਪ-ਸਕੱਤਰ, ਅਕਾਦਮਿਕ

ਸੰਪਾਦਕ: ਦਰਸ਼ਨ ਸਿੰਘ ਬਨੂੜ

ਡੀ.ਪੀ.ਆਈ. ਪੰਜਾਬ ਦੇ ਚਿੱਠੀ ਨੰ. 269/20-70
ਸ ਜ(3)1 ਮਿਤੀ 17.10.80 ਰਾਹੀਂ ਅਤੇ
ਡੀ.ਪੀ.ਆਈ. ਯੂ.ਟੀ. ਚੰਡੀਗੜ੍ਹ ਦੇ
ਪੱਤਰ ਨੰ. 8211-ਸ਼-1/110/81
ਮਿਤੀ 16.10.81
ਰਾਹੀਂ ਸਕੂਲਾਂ ਲਈ ਪ੍ਰਵਾਨਿਤ

ਇੱਕ ਕਾਪੀ : ₹20 | ਸਲਾਨਾ ਚੰਦਾ: ₹240

ਚੰਦਾ ਭੇਜਣ ਦਾ ਪਤਾ:
ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਦਾ ਪਤਾ:
ਸੰਪਾਦਕ
ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ
ਮੈਗਜ਼ੀਨ ਸੈੱਲ
ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062
ਸੰਪਰਕ: 0172-5227395

ਈ-ਮੇਲ: pankhrianpseb@gmail.com

ਬੋਰਡ ਦੀ ਵੈਬਸਾਈਟ: www.pseb.ac.in



ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



## ਇਸ ਅੰਕ ਵਿੱਚ


ਸੰਪਾਦਕੀ /ਦਰਸ਼ਨ ਸਿੰਘ ਬਨੂੜ 3
ਮਾਂ ਬੋਲੀ/ਬੇਲੀਆ ਸਕੂਲ ਚੱਲੀਏ /ਮਨਦੀਪ ਕੌਰ ਰਤਨ 4
ਪਾਰਖੂ ਅੱਖ ਦਾ ਹੀਰਾ /ਜਸਵੰਤ ਸਿੰਘ ਸਮਾਲਸਰ 5
ਕਰੀਰ /ਹਰੀ ਕ੍ਰਿਸ਼ਨ ਮਾਇਰ 6
ਚੂਚੂ ਅਤੇ ਉਸਦੀ ਮਾਂ /ਹਰੀ ਕ੍ਰਿਸ਼ਨ ਮਾਇਰ 7
ਸਮੇਂ ਦੀ ਕਦਰ/ਪੱਥਰ/ਪਹਾੜੀ ਗਾਵਾਂ /ਕੰਵਲਜੀਤ ਨੀਲੋਂ 10
ਸਿੱਖਿਆ /ਅਮਰਪ੍ਰੀਤ ਸਿੰਘ ਝੀਤਾ 11
ਨਾਨੀ ਦਾ ਘਰ /ਅਮਨਦੀਪ ਕੌਰ 11
ਬਾਦਸ਼ਾਹ ਦੇ ਤਿੰਨ ਸੁਆਲ /ਬਹਾਦਰ ਸਿੰਘ ਗੋਸਲ 12
ਤਾਰੇ /ਲਖਵਿੰਦਰ ਸਿੰਘ ਬਾਜਵਾ 14
ਚੋਰੀ ਕੱਖ ਦੀ ਵੀ ਮਾੜੀ ਤੇ ਲੱਖ ਦੀ ਵੀ/ਰਣਬੀਰ ਸਿੰਘ ਪ੍ਰਿੰਸ 16
ਚਿੜੀਆਂ/ਰੁੱਖਾਂ ਦੀ ਸੰਭਾਲ /ਹਰਪ੍ਰੀਤ ਪੱਤੋਂ 17
ਮਗਰਮੱਛ ਦੀ ਮੂਰਖ਼ਤਾ /ਪ੍ਰਿੰ.ਵਿਜੈ ਕੁਮਾਰ 18
ਸਰਕਾਰੀ ਸਕੂਲ ਬੋਲਦਾ ਹਾਂ /ਬੂਟਾ ਗ਼ੁਲਾਮੀ ਵਾਲ਼ਾ 19
ਨਿੱਕਾ ਜਿਹਾ ਰੁਬਨ /ਪਵਿੱਤਰ ਸਿੰਘ ਕੁੰਮਪੁਰ 20
ਮਿੱਟੀ ਦੇ ਲੱਡੂ /ਪ੍ਰੋ.ਨਵ ਸੰਗੀਤ ਸਿੰਘ 21
ਸਕੂਲ ਨੂੰ ਜਾਵਾਂਗੇ /ਸੰਦੀਪ ਕੌਰ 23
ਪਿਆਰੇ ਪੰਛੀ /ਮਨਜੀਤ ਸਿੰਘ ਘੜੈਲੀ 23
ਅਭਿਆਸ /ਰਾਜਿੰਦਰ ਸਿੰਘ ਰਾਜਨ 24
ਆਪਣੇ ਪਿੰਡ ਦੀਆਂ ਬਾਤਾਂ/ਪੰਛੀ /ਰਾਮ ਸਿੰਘ ਪਾਠਕ 25
ਦੋ ਮਿੱਤਰ /ਮਹਿੰਦਰ ਸਿੰਘ ਕੈਂਥ 26
ਮਿੱਠੇ ਗੀਤ ਸੁਣਾਉਂਦੇ ਪੰਛੀ /ਦਿਲਬਾਗ ਸਿੰਘ ਗਿੱਲ 28
ਨਵੀਂ ਜਮਾਤ /ਅਮਰੀਕ ਸਿੰਘ ਤਲਵੰਡੀ 28
ਚੰਦਨ /ਜੋਗਿੰਦਰ ਕੌਰ ਅਗਨੀਹੋਤਰੀ 29
ਬਚਪਨ ਦੀ ਯਾਦ /ਪ੍ਰਿੰ.ਨਵਰਾਹੀ ਘੁਗਿਆਣਵੀ 31

ਸੰਪਾਦਕੀ: ਦਰਸ਼ਨ ਸਿੰਘ ਬਨੂੜ



# “ਘਰ ਦਾ ਕੰਮ ਸਭ ਦਾ ਕੰਮ”



ਪਿਆਰੇ ਨਿੱਕੇ ਦੋਸਤੋ,

ਅਕਸਰ ਦੇਖਿਆ ਜਾਂਦਾ ਹੈ ਕਿ ਘਰ ਵਿੱਚ ਇੱਕ ਪੂਰਾ ਪਰਿਵਾਰ ਰਹਿੰਦਾ ਹੈ। ਜਿਸ ਵਿੱਚ ਮਾਤਾ-ਪਿਤਾ, ਬਜ਼ੁਰਗ ਬੱਚੇ ਸਾਰੇ ਹੀ ਬਹੁਤ ਪਿਆਰ ਨਾਲ਼ ਰਹਿੰਦੇ ਹਨ। ਭਾਵੇਂ ਕਿ ਇੱਕ ਪਰਿਵਾਰ ਵਿੱਚ ਸਾਰੇ ਜੀਅ ਇਕੱਠੇ ਹੀ ਰਹਿੰਦੇ ਹਨ, ਪਰ ਜ਼ਿਆਦਾਤਰ ਪਰਿਵਾਰਾਂ ਵਿੱਚ ਘਰ ਦੇ ਸਾਰੇ ਕੰਮਾਂ ਦੀ ਜ਼ਿੰਮੇਵਾਰੀ ਘਰ ਵਿਚਲੀ ਔਰਤ ਦੀ ਹੀ ਸਮਝੀ ਜਾਂਦੀ ਹੈ।

ਔਰਤ ਭਾਵੇਂ ਵਰਕਿੰਗ ਹੋਵੇ ਜਾਂ ਘਰੇਲੂ। ਸਵੇਰੇ ਸੂਰਜ ਦੇ ਨਿਕਲਣ ਤੋਂ ਪਹਿਲਾਂ ਉੱਠ ਕੇ ਉਹ ਸਾਰਿਆਂ ਦੀ ਪਸੰਦ ਨਾ-ਪਸੰਦ ਦਾ ਖ਼ਿਆਲ਼ ਰੱਖਦੀ ਹੋਈ ਸਾਰਿਆਂ ਲਈ ਖਾਣੇ ਆਦਿ ਦਾ ਪ੍ਰਬੰਧ ਕਰਦੀ ਹੈ। ਬੱਚਿਆਂ ਨੂੰ ਤਿਆਰ ਕਰਕੇ ਸਕੂਲ ਤੋਰਨ ਤੋਂ ਲੈ ਕੇ ਪਤੀ ਅਤੇ ਬਾਕੀ ਪਰਿਵਾਰਕ ਮੈਂਬਰਾਂ ਦੀ ਪਸੰਦ ਦਾ ਖ਼ਿਆਲ ਕਰਦੀ ਹੋਈ ਅਗਲੇ ਦਿਨ ਦੀ ਤਿਆਰੀ ਵੀ ਕਰਦੀ ਹੈ।

ਨਿੱਕੜਿਓ! ਕੀ ਤੁਹਾਨੂੰ ਨਹੀਂ ਲੱਗਦਾ ਕਿ ਜੇਕਰ ਪਰਿਵਾਰ ਸਾਂਝਾ ਹੈ ਤਾਂ ਘਰ ਦਾ ਕੰਮ ਵੀ ਸਭ ਦਾ ਸਾਂਝਾ ਹੋਣਾ ਚਾਹੀਦਾ ਹੈ। ਐਪਰ ਅਕਸਰ ਦੇਖਿਆ ਜਾਂਦਾ ਹੈ ਕਿ ਅਸੀਂ ਤਾਂ ਜਾਣ-ਬੁਝ ਕੇ ਹੀ ਅਵੇਸਲੇ ਹੋ ਜਾਂਦੇ ਹਾਂ। ਸਾਨੂੰ ਤਾਂ ਕਮਰੇ ’ਚ ਬੈੱਡ ’ਤੇ ਬੈਠਿਆਂ ਟੀ.ਵੀ. ਦੇਖਦਿਆਂ ਹੀ ਸਭ ਕੁਝ ਚਾਹੀਦਾ ਹੁੰਦਾ ਹੈ। ਅੰਦਰ ਬੈਠੇ ਹੀ ਆਵਾਜ਼ਾਂ ਮਾਰਦੇ ਰਹਿੰਦੇ ਹਾਂ, ਮੰਮੀ ਏਹ ਚੀਜ਼ ਬਣਾ ਦਿਓ, ਮੰਮੀ ਏਹ ਭਾਂਡੇ ਚੁੱਕ ਲਵੋ...ਮੰਮੀ ਇਹ ਫੜਾ ਦਿਓ...ਮੰਮੀ ਉਹ ਫੜਾ ਦਿਓ...ਵਗ਼ੈਰਾ-ਵਗ਼ੈਰਾ। ਜਿਵੇਂ ਕਿ ਇਹ ਸਾਰਾ ਕੁਝ ਕਰਨ ਦੀ ਸਿਰਫ਼ ਮੰਮੀ ਦੀ ਹੀ ਜ਼ਿੰਮੇਵਾਰੀ ਹੁੰਦੀ ਹੈ।

ਐਪਰ ਦੋਸਤੋ, ਘਰ ਦਾ ਕੰਮ ਸਭ ਦਾ ਕੰਮ ਹੁੰਦਾ ਹੈ। ਉਹ ਗੱਲ ਵੱਖਰੀ ਹੈ ਕਿ ਤੁਹਾਡੀ ਮੰਮੀ ਮੋਹ ਪਿਆਰ ’ਚ ਬੱਧੀ ਇਹ ਸਾਰਾ ਕੁਝ ਕਰੀਂ ਜਾਂਦੀ ਹੈ। ਐਪਰ ਕਦੇ ਗਹਿਰਾਈ ਨਾਲ਼ ਸੋਚਿਆ ਕਰੋ ਕਿ ਮੰਮੀ ਵੀ ਇਨਸਾਨ ਹੁੰਦੀ ਹੈ, ਉਹ ਨੂੰ ਵੀ ਥਕਾਵਟ ਹੁੰਦੀ ਹੈ, ਪਰ ਉਹ ਕਦੇ ਜ਼ਾਹਰ ਨਹੀਂ ਕਰਦੀ, ਸਭ ਕੁਝ ਸਹਿ ਕੇ ਵੀ ਕਦੇ ਨਹੀਂ ਦੱਸਦੀ। ਉਹ ਭਾਵੇਂ ਕਿੰਨੀ ਵੀ ਤਕਲੀਫ਼ ’ਚ ਹੋਵੇ, ਪਰ ਕਦੇ ਨਹੀਂ ਕਹਿੰਦੀ ਕਿ ਮੈਂ ਅੱਜ ਬਿਮਾਰ ਹਾਂ, ਅੱਜ ਖਾਣਾ ਬਾਹਰੋਂ ਮੰਗਵਾ ਲਵੋ। ਉਹ ਹਰ ਹਾਲ ਵਿੱਚ ਡਿੱਗਦੀ-ਢਹਿੰਦੀ ਤੁਹਾਡੇ ਲਈ ਸਭ ਕੁਝ ਬਣਾਉਂਦੀ ਹੈ।

ਪਿਆਰਿਓ! ਜੇਕਰ ਤੁਸੀਂ ਆਪਣੀ ਮੰਮੀ ਨਾਲ਼ ਸੱਚ-ਮੁੱਚ ਪਿਆਰ ਕਰਦੇ ਹੋ ਤਾਂ ਥੋੜ੍ਹਾ ਜਿਹਾ ਆਪਣੀ ਆਦਤ ਵਿੱਚ ਬਦਲਾਵ ਕਰੋ। ਛੋਟੇ-ਛੋਟੇ ਕੰਮ ਆਪ ਹੱਥੀਂ ਕਰਨ ਦੀ ਆਦਤ ਪਾਓ। ਮੈਂ ਨਹੀਂ ਕਹਿੰਦਾ ਕਿ ਤੁਸੀਂ ਭਾਂਡੇ ਮਾਂਝੋ ਜਾਂ ਝਾੜੂ ਪੋਚੇ ਲਾਓ। ਐਪਰ ਰੋਟੀ ਖਾ ਕੇ ਜੂਠੇ ਭਾਂਡੇ ਸਿੰਕ ਵਿੱਚ ਤਾਂ ਰੱਖ ਸਕਦੇ ਹੋ। ਨਹਾ ਕੇ ਤੌਲ਼ੀਆ ਬਾਹਰ ਤਾਰ ’ਤੇ ਸੁੱਕਣਾ ਤਾਂ ਪਾ ਸਕਦੇ ਹੋ। ਇਹ ਨਿੱਕੀਆਂ-ਨਿੱਕੀਆਂ ਗੱਲਾਂ ਦਾ ਧਿਆਨ ਰੱਖਣ ਨਾਲ਼ ਹੀ ਤੁਸੀਂ ਜਾਣੇ-ਅਨਜਾਣੇ ਵਿੱਚ ਹੀ ਆਪਣੀ ਮੰਮੀ ਦੀ ਮੱਦਦ ਕਰ ਸਕਦੇ ਹੋ।

ਜੇਕਰ ਘਰ ਪਰਿਵਾਰ ਵਿੱਚ ਰਹਿੰਦੇ ਸਾਰੇ ਮੈਂਬਰ ਹੀ ਇਹ ਨਿੱਕੇ-ਨਿੱਕੇ ਕੰਮਾਂ ਨੂੰ ਕਰਨ ਲੱਗ ਜਾਣ ਤਾਂ ਘਰ ਦਾ ਸਾਰਾ ਕੰਮ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ਼ ਘਰ ਦੀ ਗ੍ਰਹਿਣੀਆਂ ਤੋਂ ਵੀ ਥੋੜ੍ਹਾ ਜਿਹਾ ਕੰਮ ਦਾ ਬੋਝ ਘਟ ਸਕਦਾ ਹੈ।

ਨਿੱਕੜਿਓ! ਜੇਕਰ ਤੁਸੀਂ ਇਸ ਤਰ੍ਹਾਂ ਕਰਕੇ ਆਪਣੀ ਜ਼ਿੰਮੇਵਾਰੀ ਸਮਝਣ ਲੱਗੋਗੇ ਤਾਂ ਤੁਹਾਡੀ ਮੰਮੀ ਨੂੰ ਖ਼ੁਸ਼ੀ ਹੋਵੇਗੀ ਅਤੇ ਉਹ ਹੋਰ ਵੀ ਵਧੇਰੇ ਜ਼ਿੰਮੇਵਾਰੀ ਨਾਲ਼ ਤੁਹਾਡਾ ਅਤੇ ਸਾਰੇ ਪਰਿਵਾਰਕ ਮੈਂਬਰਾਂ ਦਾ ਖ਼ਿਆਲ ਰੱਖੇਗੀ।

ਸੋ! ਆਓ ਫੇਰ ਅੱਜ ਤੋਂ ਘਰ ਦੇ ਨਿੱਕੇ-ਨਿੱਕੇ ਕੰਮ ਆਪ ਹੱਥੀਂ ਕਰਨ ਦੀ ਸ਼ੁਰੂਆਤ ਕਰੀਏ। ਇਸ ਤਰ੍ਹਾਂ ਕਰਨ ਨਾਲ਼ ਜਿੱਥੇ ਤੁਹਾਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੋਵੇਗਾ, ਉੱਥੇ ਤੁਹਾਨੂੰ ਸਕੂਨ ਵੀ ਮਿਲੇਗਾ। ਤੁਹਾਡੀ ਆਪ ਹੱਥੀਂ ਕੰਮ ਕਰਨ ਦੀ ਆਦਤ ਪਕੇਰੀ ਹੋਵੇਗੀ ਅਤੇ ਨਿੱਕੇ-ਨਿੱਕੇ ਕੰਮ ਕਰਨ ਦੀ ਇਹ ਆਦਤ ਤੁਹਾਨੂੰ ਜੀਵਨ ਵਿੱਚ ਅੱਗੇ ਜਾ ਕੇ ਬਹੁਤ ਸਹਾਈ ਹੋਵੇਗੀ। ਸਭ ਤੋਂ ਵੱਡੀ ਗੱਲ ਇਹ ਕਿ ਇਸ ਤਰ੍ਹਾਂ ਕਰਕੇ ਤੁਸੀਂ ਆਪਣੀ ਮੰਮੀ ਦੀ ਮੱਦਦ ਕਰ ਰਹੇ ਹੋਵੋਗੇ।

ਚੱਲੋ ਫੇਰ ਨਾਹਰਾ ਲਾਈਏ ਕਿ ਘਰ ਦਾ ਕੰਮ, ਸਭ ਦਾ ਕੰਮ।




## ਮਾਂ ਬੋਲੀ ਦਾ ਪਿਆਰ

ਪੈਂਤੀ ਅੱਖ਼ਰਾਂ ਦਾ ਹਾਰ ਬਣਾਵਾਂ,
ਲਗਾਂ ਮਾਤਰਾਂ ਨਾ.ਲ ਸਜਾਵਾਂ।

ਪਾ ਹਾਰ ਮੈਂ ਜਿੱਥੇ ਵੀ ਜਾਂਵਾ,
ਮਾਂ ਬੋਲੀ ਦਾ ਮਾਣ ਵਧਾਵਾਂ।

ਅੱਖਰ ਜੋੜ ਸੁਹਣੇ ਸ਼ਬਦ ਬਣਾਵਾਂ,
ਲਗਾਖ਼ਰਾਂ ਦੇ ਗਹਿਣੇ ਸਜਾਵਾਂ।

ਟੱਪੇ, ਮਾਹੀਏ ਤੇ ਢੋਲੇ ਗਾਵਾਂ,
ਲੋਕ ਗੀਤਾਂ ਦੀਆਂ ਹੇਕਾਂ ਲਾਵਾਂ।

ਬੱਚਿਆਂ ਨੂੰ ਬੁਝਾਰਤਾਂ ਪਾਵਾਂ,
ਇਉਂ ਦਿਮਾਗੀ ਕਸਰਤ ਕਰਾਵਾਂ।

ਕਦੇ ਬਾਲਾਂ ਨੂੰ ਕਹਾਣੀਆਂ ਸੁਣਾਵਾਂ ,
ਨਾ.ਲੇ ਉਹਨਾਂ ਦਾ ਦਿਲ ਬਹਿਲਾਵਾਂ।

ਨਾਨਕ, ਫ਼ਰੀਦ ਦੀ ਬਾਣੀ ਗਾਵਾਂ,
ਕਦੇ ਬੁੱਲੇ ਦੀਆਂ ਕਾਫ਼ੀਆਂ ਗਾਵਾਂ।

ਗੀਤ ਗ਼ਜ਼ਲਾਂ ਨਾ.ਲ ਮਨ ਪਰਚਾਵਾਂ,
ਦਿਲ ਦੀਆਂ ਗੱਲਾਂ ਆਖ ਸੁਣਾਵਾਂ।

ਦੁਨੀਆ ਭਰ ਜਿੱਥੇ ਵੀ ਹੋਵਾਂ,
ਮਾਂ ਬੋਲੀ ਤੋਂ ਦੀਪ ਸਦਕੇ ਜਾਵਾਂ।

ਪੈਂਤੀ ਅੱਖਰਾਂ ਦਾ ਹਾਰ ਸਜਾਵਾਂ,
ਮਾਂ ਬੋਲੀ ਦਾ ਪਿਆਰ ਮੈਂ ਪਾਵਾਂ।

ਮਨਦੀਪ ਕੌਰ ਰਤਨ

## ਆ ਜਾ ਬੇਲੀਆ ਸਕੂਲ ਚੱਲੀਏ

ਆ ਜਾ ਬੇਲੀਆ ਸਕੂਲ ਚੱਲੀਏ
ਪਹਿਲਾਂ ਜਾ ਕੇ ਆਪਾਂ ਥਾਂ ਮੱਲੀਏ।

ਸਭ ਤੋਂ ਅੱਗੇ ਜਾ ਕੇ ਬਹਾਂਗੇ,
ੳ ਅ ਅਸੀਂ ਸਾਰਾ ਪੜ੍ਹਾਂਗੇ।

1, 2, 3 ਗਿਣਤੀ ਯਾਦ ਕਰਾਂਗੇ,
ਔਖੇ ਸਵਾਲ ਛੇਤੀ ਹੱਲ ਕਰਾਂਗੇ।

ਜ਼ਿੰਦਗੀ ਦਾ ਜੇ ਕਾਇਦਾ ਪੜ੍ਹਨਾ,
ਭੱਜ-ਭੱਜ ਹੈ ਸਕੂਲੇ ਵੜਨਾ।

ਅੱਖ਼ਰ ਜੋੜ ਸ਼ਬਦ ਬਣਾ ਲਵੀਂ,
ਸ਼ਬਦਾਂ ਨੂੰ ਵਾਕਾਂ ਵਿੱਚ ਸਜਾ ਲਵੀਂ।

ਪਿਆਰੀ ਜਿਹੀ ਕਵਿਤਾ ਰਚਾਵਾਂਗੇ,
ਬਾਲ ਸਭਾ ਵਿੱਚ ਰ.ਲ ਗਾਵਾਂਗੇ।

ਬਸਤੇ ਵਿੱਚ ਕਿਤਾਬਾਂ ਪਾ ਲਵੀਂ,
ਕਾਪੀ, ਪੈਨਸਿਲ ਤੇ ਰਬੜ ਲੈ ਲਵੀਂ।

ਪਾਣੀ ਦੀ ਬੋਤਲ ਤੇ ਟਿਫ਼ਨ ਪਾਉਣਾ,
ਭੱਜ-ਭੱਜ ਮਿੱਤਰਾ ਸਕੂਲੇ ਆਉਣਾ।

ਐਵੇਂ ਨਾ ਕੋਈ ਬਹਾਨਾ ਲਾਈਏ,
ਆ ਜਾ ਬੇਲੀਆ ਸਕੂਲ ਚੱਲੀਏ।

ਜਸਵੰਤ ਗਿੱਲ ਸਮਾਲਸਰ
97804-51878



# ਪਾਰਖ਼ੂ ਅੱਖ ਦਾ ਹੀਰਾ

ਥਾਂ-ਥਾਂ ਤੋਂ ਸਿਉਂਤੀ ਵਰਦੀ ਤੇ ਪੈਰ੍ਹਾਂ ਵਿੱਚ ਅੱਡੋ-ਅੱਡ ਦੀਆਂ ਚੱਪਲਾਂ ਦੇਖ ਜ਼ਿਆਦਾਤਰ ਅਧਿਆਪਕ ਨਿਸ਼ਾਨ ਨੂੰ ਨਫ਼ਰਤ ਦੀ ਅੱਖ ਨਾਲ਼ ਦੇਖਦੇ। ਉਹ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਨਾਲ਼-ਨਾਲ਼ ਗਾਉਂਦਾ ਵੀ ਬਹੁਤ ਵਧੀਆ ਸੀ, ਪਰ ਉਸ ਦੇ ਮਾੜੇ ਹਲਾਤਾਂ ਕਾਰਨ ਕਦੇ ਵੀ ਕਿਸੇ ਅਧਿਆਪਕ ਨੇ ਉਹਦਾ ਨਾਂ ਸਕੂਲ ਦੇ ਸਮਾਗਮ ਜਾਂ ਮੁਕਾਬਲਿਆਂ ਵਿੱਚ ਨਹੀਂ ਸੀ ਲਿਖਿਆ।

ਇਸ ਵਾਰ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾ ਰਹੇ ਜ਼ਿਲ੍ਹਾ-ਪੱਧਰੀ ਮੁਕਾਬਲਿਆਂ ਲਈ ਵਿਦਿਆਰਥੀਆਂ ਦੀ ਚੋਣ ਕਰਨ ਦੀ ਜ਼ਿੰਮੇਵਾਰੀ ਨਵੇਂ ਆਏ ਅਧਿਆਪਕ ਅਮਰ ਸਿੰਘ ਦੀ ਲਾਈ ਗਈ।

ਅਮਰ ਸਿੰਘ ਤੇ ਇੱਕ ਹੋਰ ਅਧਿਆਪਕ ਨੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆ ਨੂੰ ਇੱਕ ਕਮਰੇ ਵਿੱਚ ਬੁਲਾ ਕਵਿਤਾ, ਗੀਤ ਸੁਣਾਉਣ, ਗਿੱਧਾ ਭੰਗੜਾ ਪਾਉਣ, ਐਕਟਿੰਗ ਕਰਨ ਲਈ ਕਿਹਾ। ਸਾਰੇ ਬੱਚਿਆਂ ਦੀ ਅਦਾਕਾਰੀ ਦੇਖਣ ਤੋਂ ਬਾਅਦ ਦਸ ਕੁ ਜਾਣਿਆਂ ਦੇ ਨਾਮ ਲਿਸਟ ਵਿੱਚ ਲਿਖ ਲਏ ਗਏ।

ਜਦ ਲਿਸਟ ਲੈ ਅਮਰ ਸਿੰਘ ਪ੍ਰਿੰਸੀਪਲ ਦੇ ਦਫ਼ਤਰ ਵੱਲ ਜਾ ਰਿਹਾ ਸੀ ਤਾਂ ਪਾਣੀ ਵਾਲ਼ੀ ਟੈਂਕੀ ਕੋਲ਼ ਖੜ੍ਹੇ ਗੁਣ-ਗੁਣਾ ਰਹੇ ਨਿਸ਼ਾਨ ਦੀ ਆਵਾਜ਼ ਕੰਨਾਂ ਵਿੱਚ ਪਈ। ਉਸਨੇ ਨਿਸ਼ਾਨ ਨੂੰ ਕੋਲ਼ ਸੱਦ ਮੁਕਾਬਲੇ ਵਿੱਚ ਜਾਣ ਬਾਰੇ ਪੁੱਛਿਆ ਤਾਂ ਨਿਸ਼ਾਨ ਨੇ ਝੱਟ ਹਾਂ ਕਰ ਦਿੱਤੀ। ਅਮਰ ਸਿੰਘ ਨੇ ਉਹਦਾ ਨਾਂ ਲਿਸਟ ਵਿੱਚ ਸਭ ਤੋਂ ਉਪਰ ਲਿਖ ਦਿੱਤਾ।

ਅੱਜ ਮੁਕਾਬਲੇ 'ਤੇ ਜਾਂਦਿਆਂ ਅਮਰ ਸਿੰਘ ਨੇ ਨਿਸ਼ਾਨ ਨੂੰ ਨਵੀਂ ਵਰਦੀ ਅਤੇ ਬੂਟ ਲੈ ਦਿੱਤੇ। ਨਿਸ਼ਾਨ ਬਹੁਤ ਖ਼ੁਸ਼ ਸੀ। ਉਸਨੇ ਬੜ੍ਹੇ ਹੀ ਹੌਸਲੇ ਨਾਲ਼ ਮੁਕਾਬਲੇ ਵਿੱਚ ਭਾਗ ਲਿਆ ਅਤੇ ਸੈਂਕੜੇ ਵਿਦਿਆਰਥੀਆਂ ਨੂੰ ਪਿੱਛੇ ਛੱਡ ਪਹਿਲਾ ਸਥਾਨ ਹਾਸਿਲ ਕਰ ਲਿਆ। ਹੁਣ ਉਸਦੀ ਚੋਣ ਸੂਬਾ ਪੱਧਰੀ ਮੁਕਾਬਲੇ ਲਈ ਹੋ ਗਈ ਸੀ।

ਦੂਜੇ ਦਿਨ ਜਦ ਅਮਰ ਸਿੰਘ ਸਕੂਲ ਪਹੁੰਚਿਆ ਤਾਂ ਅਖ਼ਬਾਰਾਂ ਵਿੱਚ ਨਿਸ਼ਾਨ ਦੇ ਜੇਤੂ ਹੋਣ ਦੀਆਂ ਲੱਗੀਆਂ ਖ਼ਬਰਾਂ ਨੇ ਕਈ ਅਧਿਆਪਕਾਂ ਦੇ ਦੰਦ ਜੋੜ ਦਿੱਤੇ। ਕੁਝ ਨੂੰ ਤਾਂ ਇਸ ਜਿੱਤ 'ਤੇ ਯਕੀਨ ਨਹੀਂ ਹੋ ਰਿਹਾ ਸੀ, ਜਦ ਇਸ ਬਾਰੇ ਉਹਨਾਂ ਅਮਰ ਸਿੰਘ ਨੂੰ ਪੁੱਛਿਆ ਤਾਂ ਉਸਨੇ ਹੱਸਦੇ ਹੋਏ ਕਿਹਾ, "ਹੀਰੇ ਦੀ ਪਹਿਚਾਣ ਉਸਦੀ ਚਮਕਦਾਰ ਪਾਲਿਸ਼ ਤੋਂ ਨਹੀਂ ਹੁੰਦੀ, ਸਗੋਂ ਉਸ ਲਈ ਪਾਰਖ਼ੂ ਅੱਖ ਚਾਹੀਦੀ ਹੈ।" ਅਮਰ ਸਿੰਘ ਦੀ ਗੱਲ ਸੁਣ ਨਿਸ਼ਾਨ ਦੇ ਕੱਪੜੇ ਤੇ ਗ਼ਰੀਬੀ ਕਾਰਨ ਨਫ਼ਰਤ ਕਰਨ ਵਾਲੇ ਅਧਿਆਪਕਾਂ ਦੇ ਸਿਰ ਸ਼ਰਮ ਨਾਲ਼ ਝੁਕ ਗਏ।

ਹਰੀ ਕ੍ਰਿਸ਼ਨ ਮਾਇਰ
97806-67686



# ਕਰੀਰ

ਕੈਰ, ਕੈਰੀਆ ਤੇ ਕਰੀਰ
ਲੋਕੀ ਮੇਰੇ ਨਾਂ ਲੈਂਦੇ।
ਝਾੜੀ ਵਰਗੇ ਰੁੱਖ਼ ਅਸੀਂ
ਮਧਰੇ ਕੱਦ ਦੇ ਰਹਿੰਦੇ।

ਪੰਜ ਮੀਟਰ ਤੀਕ ਹੋ ਜਾਂਦੀ
ਲੱਗਦਾ ਮੇਰੀ ਉਚਾਈ।
ਬੀਆਬਾਨ ਟਿੱਬਿਆਂ ਵਿੱਚ ਬਹੁਤੇ
ਦੇਣ ਕਰੀਰ ਦਿਖਾਈ।

ਟਾਹਣੀਆਂ ਉੱਤੇ ਪੱਤ ਨਾਂ ਟਿਕਦੇ
ਨਾਂ ਕੋਈ ਪੰਛੀ ਖੇਲ੍ਹੇ।
ਭਾਅ ਮਾਰੇ ਫੁੱਲਾਂ 'ਚੋਂ ਕੇਸਰੀ
ਮੈਨੂੰ ਫ਼ਲ ਲੱਗਦੇ ਡੇਲੇ।

ਡੇਲਿਆਂ ਦਾ ਆਚਾਰ ਨੇ
ਲੋਕੀ ਅਕਸਰ ਪਾ ਲੈਂਦੇ।
ਪੱਕੇ ਲਾਲ ਫ਼ਲਾਂ ਨੂੰ ਤੁਸੀਂ
ਬੇਰਾਂ ਵਾਂਗੂ ਖਾ ਲੈਂਦੇ।

ਲੋਕ ਸੁੱਕਾ ਕੇ ਡੇਲੇ
ਪੀਸ ਕੜ੍ਹੀ ਵਿੱਚ ਪਾਉਂਦੇ ਨੇ।
ਲੈ ਡੇਲਿਆਂ ਦਾ ਚੂਰਨ
ਦੁੱਖਦਾ ਢਿੱਡ ਹਟਾਉਂਦੇ ਨੇ।

ਚਰਬੀ, ਰੇਸ਼ੇ, ਸੋਡੀਅਮ ਤੇ
ਡੇਲੇ ਪ੍ਰੋਟੀਨਾਂ ਦਾ ਭੰਡਾਰ।
ਕਿਸੇ ਕਰੀਰ ਤੋਂ ਲੈਕੇ ਡੇਲੇ
ਪਾਇਓ ਤੁਸੀਂ ਆਚਾਰ।

ਬੜਾ ਪੁਰਾਤਨ ਰੁੱਖ਼ ਹਾਂ
ਇਹ ਹੈ ਲੋਕਾਂ ਦਾ ਵਿਸ਼ਵਾਸ਼।
ਰੁੱਖ਼ ਮੇਰੇ ਤੇ ਹੁੰਦਾ
'ਸ਼ੀਤਲਾ ਮਾਤਾ' ਦਾ ਨਿਵਾਸ।

'ਕੈਪਾਰਿਸ ਡੈਸੀਡੂਆ' ਨਾਂ ਮੇਰਾ
ਰੱਖਿਆ ਵਿਗਿਆਨੀਆਂ ਨੇ।
ਲੋਕ-ਗੀਤਾਂ, ਬੁਝਾਰਤਾਂ ਨੇ ਮੇਰੀਆਂ
ਸਾਂਭੀਆਂ ਹੋਈਆਂ ਨਿਸ਼ਾਨੀਆਂ ਨੇ।

ਹਰੀ ਕ੍ਰਿਸ਼ਨ ਮਾਇਰ
97806-67686



# ਚੂਚੂ ਅਤੇ ਉਸਦੀ ਮਾਂ

ਅੱਜ ਚਿੜੀ ਆਪਣੇ ਬੱਚੇ ਚੂਚੂ ਨੂੰ ਵੀ ਆਪਣੇ ਨਾਲ਼ ਲੈ ਆਈ ਸੀ। ਖੇਤ ਵਿੱਚ ਕਬੂਤਰ, ਘੁੱਗੀਆਂ, ਗੁਟਾਰਾਂ ਤੇ ਕਿੰਨੇ ਹੀ ਹੋਰ ਜਾਨਵਰ ਚੋਗਾ ਚੁਗਣ ਆਏ ਸਨ। ਭੋਰਾ ਭਰ ਬੋਟ, ਪੂਰੇ ਰਾਹ ਨਿੱਕੀਆਂ-ਨਿੱਕੀਆਂ ਉਡਾਰੀਆਂ ਭਰਦਾ ਰਿਹਾ। ਚੂਚੂ ਨੇ ਚਾਰੇ ਪਾਸੇ ਨਿਗ੍ਹਾ ਮਾਰੀ। ਲਹਿਲਹਾਉਂਦੇ ਖੇਤ ਸਨ। ਰੁੱਖ ਸਨ। ਬੰਬੀਆਂ ਚੱਲ ਰਹੀਆਂ ਸਨ। ਉੱਪਰ ਖੁੱਲ੍ਹਾ ਆਕਾਸ਼, ਪੰਛੀਆਂ ਦੀਆਂ ਉੱਡਦੀਆਂ ਟੋਲੀਆਂ, ਉਸ ਉੱਤੇ ਜਾਦੂ ਧੂੜ ਗਈਆਂ ਸਨ।

"ਵਾਹ! ਇਹ ਤਾਂ ਬੜੀ ਸੁਹਣੀ ਥਾਂ ਏ।" ਚੂਚੂ ਦੇ ਅਚਾਨਕ ਮੂੰਹੋਂ ਨਿਕਲ ਗਿਆ।" ਮਾਂ ਇੱਥੇ ਹੀ ਰੋਜ਼ ਚੋਗ਼ਾ ਚੁੱਗਣ ਆਉਂਦੀ ਹੋਊ।" ਚੂਚੂ ਨੇ ਮਨੋਮਨ ਸੋਚਿਆ।

ਆਲ੍ਹਣੇ ਦੀ ਘੁਟਣ 'ਚੋਂ ਉਹ ਪਹਿਲੀ ਵਾਰ, ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ, ਬਾਹਰ ਆਇਆ ਸੀ। ਕਦੇ ਖੇਤ ਦੀ ਵੱਟ ਤੇ ਜਾ ਬੈਠਦਾ। ਕਦੇ ਆਪਣੀ ਮਾਂ ਨੂੰ ਚੋਗਾ ਚੁਗਦੀ ਨੂੰ ਵਿਹੰਦਾ। ਫੇਰ ਝਾੜੀ ਉਹਲੇ ਲੁਕ ਜਾਂਦਾ। ਜਿਵੇਂ ਕੋਈ ਬੱਚਾ ਆਪਣੀ ਮਾਂ ਨੂੰ 'ਝਾਤ' ਕਰ ਰਿਹਾ ਸੀ।

ਚੋਗਾ ਚੁੱਗਣ ਜਾਣ ਤੋਂ ਪਹਿਲਾਂ ਚਿੜੀ ਨੇ, ਚੂਚੂ ਨੂੰ ਕੁਝ ਗੱਲਾਂ ਸਮਝਾ ਦਿੱਤੀਆਂ ਸਨ।

"ਕੋਈ ਡੱਬਾ ਦਿਸੇ, ਲਿਫ਼ਾਫ਼ਾ ਦਿਸੇ, ਤੂੰ ਚੁੰਝ ਨਹੀਂ ਲਾਉਣੀ। ਦਾਣਾ ਲਿਆ ਕੇ ਮੈਂ ਹੀ ਤੈਨੂੰ ਖੁਆਊਂਗੀ। ਤੂੰ ਆਪੇ ਕੁਝ ਨਹੀਂ ਖਾਣਾ।" ਚਿੜੀ ਅਜੇ ਚੂਚੂ ਨੂੰ ਸਮਝਾ ਹੀ ਰਹੀ ਸੀ ਕਿ ਚੂਚੂ ਨੂੰ ਖੇਤ ਵਿੱਚ ਗੱਡਿਆ ਡਰਨਾ ਦਿਸ ਪਿਆ।

"ਚੀਂ ਚੀਂ...ਮਾਂ ਔਹ ਬੰਦਾ ਖੜਾ? ਚੂਚੂ ਨੇ ਪੁੱਛਿਆ।

"ਉਹ ਤਾਂ ਡਰਨਾ।", ਚਿੜੀ ਬੋਲੀ।

"ਮਾਂ 'ਡਰਨਾ' ਕੀ ਹੁੰਦੈ?" ਚੂਚੂ ਨੇ ਪੁੱਛਿਆ।

"ਨਕਲੀ ਬੰਦਾ ਹੁੰਦਾ।" ਚਿੜੀ ਨੇ ਜਵਾਬ ਦਿੱਤਾ।

"ਇਸ ਦੀਆਂ ਅੱਖਾਂ ਵੀ ਨੇ, ਕੱਪੜੇ ਵੀ ਪਾਏ ਹੋਏ ਨੇ, ਇਸ ਕੋਲ ਸੋਟੀ ਵੀ ਹੈ।" ਚੂਚੂ ਨੇ ਡਰਨੇ ਦੀ ਪੂਰੀ ਸ਼ਕਲ ਸਮਝਾ ਦਿੱਤੀ।

"ਬੰਦਾ ਸਮਝਦਾ ਜਨੌਰਾਂ ਨੂੰ ਕਿਹੜਾ ਅਕਲ ਹੁੰਦੀ ਹੈ। ਉਸ ਨੂੰ ਦੇਖ ਕੇ ਡਰ ਜਾਣਗੇ।" ਚਿੜੀ ਗੁੱਸੇ ਵਿੱਚ ਬੋਲੀ।

"ਤੁਸੀਂ ਡਰਦੇ ਨਹੀਂ, ਇਸ ਕੋਲ਼ੋਂ?" ਚੂਚੂ ਕਹਿੰਦਾ।

"ਨਹੀਂ", ਚਿੜੀ ਬੋਲੀ।

ਗੱਲ ਕਰਦੇ-ਕਰਦੇ ਚਿੜੀ ਦਾ ਹਾਸਾ ਨਿਕਲ ਗਿਆ। ਉਹ ਹਾਸਾ ਰੋਕਦਿਆਂ ਬੋਲੀ, ਇੱਕ ਦਿਨ ਤਾਂ

ਚੂਚੂ ਐਦਾਂ ਹੋਇਆ ਕਿ ਇੱਕ ਲੜਾਕਾ ਜਿਹਾ ਕਾਂ, ਸਾਡੇ ਨਾਲ਼ ਚੋਗਾ ਚੁੱਗਣ ਖੇਤ ਵਿੱਚ ਆ ਗਿਆ।''

''ਫੇਰ'', ਚੂਚੂ ਨੇ ਉਤਸੁਕਤਾ ਨਾਲ਼ ਪੁੱਛਿਆ।

''ਫੇਰ ਕੀ, ਕਾਂ ਡਰਨੇ ਦੇ ਸਿਰ ਉੱਤੇ ਜਾ ਬੈਠਾ। ਲੱਗਾ ਠੂੰਗਾਂ ਮਾਰਨ। ਹਟੇ ਹੀ ਨਾ।'' ਚਿੜੀ ਅੱਗੇ ਬੋਲੀ...

''ਫੇਰ'', ਚੂਚੂ ਹੋਰ ਅੱਗੇ ਜਾਨਣਾ ਚਾਹੁੰਦਾ ਸੀ।

''ਡਰਨੇ ਦੇ ਸਿਰ ਵਿੱਚ ਮੋਰੀ ਹੋ ਗਈ।'', ਚਿੜੀ ਨੇ ਅੱਗੇ ਕਿਹਾ।

''ਫੇਰ'' ਚੂਚੂ ਨੇ ਪੁੱਛਿਆ।

''ਕਾਂ ਨੇ ਕੁਆਏਂ।। ਕੁਆਏਂ।। ਕਰਕੇ ਹੋਰ ਕਾਂ ਇੱਕੱਠੇ ਕਰ ਲਏ। ਕਾਂ ਤਾਂ ਐਂ ਉੱਡੇ ਆਉਣ, ਜਿਵੇਂ ਕਿਸੇ ਦੀ ਬਰਾਤ ਚੜ੍ਹਨਾ ਹੁੰਦਾ।'' ਚਿੜੀ ਨੇ ਗੱਲ ਅੱਗੇ ਤੋਰੀ।

''ਕੋਈ ਕਾਂ ਉਸ ਦੀ ਬੁਨੈਣ ਖਿੱਚੇ। ਕੋਈ ਉਸ ਦਾ ਪਜਾਮਾ ਖਿੱਚੇ। ਕੋਈ ਉਸਦੇ ਨਕਲ਼ੀ ਵਾਲ।'' ਚਿੜੀ ਕਹਿੰਦੀ

"ਫੇਰ ਕੀ ਹੋਇਆ ਮਾਂ'' ਚੂਚੂ ਪੂਰੀ ਕਹਾਣੀ ਵਿੱਚ ਖੁਭ ਗਿਆ ਸੀ

''ਕਾਂ ਡਰਨੇ ਨੂੰ ਕਹਿੰਦੇ, ਤੂੰ ਜਨੌਰਾਂ ਨੂੰ ਦਾਣੇ ਖਾਣ ਤੋਂ ਰੋਕਦਾਂ ਓਏ?'' ਅਸੀਂ ਤੈਨੂੰ ਚੁੱਕ ਕੇ ਨਹਿਰ ਵਿੱਚ ਸੁੱਟ ਆਉਣਾ।'' ਚਿੜੀ ਬੋਲੀ।

''ਫੇਰ ਤਾਂ ਡਰਨੇ ਦੀ ਬੜੀ ਬੇਇਜ਼ਤੀ ਹੋਈ ਹੋਵੇਗੀ।'' ਚੂਚੂ ਕਹਿੰਦਾ।

''ਬੇਇਜ਼ਤੀ ਵਰਗੀ ਬੇਇਜ਼ਤੀ!''ਚਿੜੀ ਜੇਤੂ ਅੰਦਾਜ਼ ਵਿੱਚ ਬੋਲੀ। ਚੂਚੂ ਨੇ ਜੋਸ਼ ਵਿੱਚ ਖੰਭ ਫੜ-ਫੜਾਏ।

ਉਸ ਘਟਨਾ ਪਿੱਛੋਂ ਜਾਨਵਰਾਂ ਦੇ ਮਨ 'ਚੋਂ ਡਰਨੇ ਦਾ ਡਰ ਚੁੱਕਿਆ ਗਿਆ ਸੀ। ਹੁਣ ਤਾਂ ਪੰਛੀਆਂ ਨੂੰ ਦੇਖ ਕੇ ਡਰਨਾ ਮੁਸਕਰਾਉਣ ਲੱਗਦਾ। ਕਣਕਾਂ ਦੀ ਵਾਢੀ ਹੋ ਚੁੱਕੀ ਸੀ। ਪੰਛੀਆਂ ਦੀ ਚੋਗ ਦੇ ਅਨਗਿਣਤ ਦਾਣੇ ਖੇਤਾਂ ਵਿੱਚ ਖਿੱਲਰੇ ਪਏ ਸਨ। ਲੂਅ ਵੀ ਅੱਗ ਵਰਸਾ ਰਹੀ ਸੀ।

''ਤੂੰ ਮੇਰੇ ਨਾਲ਼ ਹੀ ਰਵ੍ਹੀਂ, ਕਿਤੇ ਨਵੀਂਆਂ ਥਾਂਵਾਂ ਦੇਖਦਾ, ਉਰੇ ਪਰੇ ਨਾਂ ਨਿਕਲ ਜਾਈਂ। ਤੈਨੂੰ ਪਤਾ ਕਿ ਇੱਥੇ ਬਿੱਲੀਆਂ ਵੀ ਨੇ, ਕਾਂ ਵੀ ਨੇ, ਹੋਰ ਬੜੇ ਮਾਸਖ਼ੋਰੇ ਨੇ, ਜੋ ਘਾਤ ਲੱਗਾ ਕੇ ਨਿੱਕੇ ਮੋਟੇ ਜਨੌਰ ਨੂੰ ਤਾਂ ਮੂੰਹ ਵਿੱਚ ਚੁੱਕ ਲੈ ਜਾਂਦੇ ਨੇ।'' ਚਿੜੀ ਨੇ ਚੂਚੂ ਨੂੰ ਸਥਿਤੀ ਸਮਝਾ ਦਿੱਤੀ ਸੀ।

''ਬਿੱਲੀਆਂ, ਕਾਂ ਮੈਨੂੰ ਚੁੱਕ ਸਕਦੇ ਨੇ?'' ਚੂਚੂ ਕਹਿੰਦਾ।

''ਤੂੰ ਕੋਈ ਵੱਡਾ ਭਲਵਾਨ ਐਂ?'' ਚਿੜੀ ਬੋਲੀ।

ਚੂਚੂ ਨੇ ਮਾਂ ਦੀ ਕਹੀ ਨੂੰ ਸਿਰ ਨਿਵਾ ਕੇ ਮੰਨ ਲਿਆ ਸੀ।

ਵੱਡੀ ਟਾਹਲੀ ਥੱਲੇ ਹੀ ਚਿੜੀ ਕਣਕ ਦੇ ਬੂਝਿਆਂ 'ਚੋਂ ਦਾਣੇ ਚੁੱਗਣ ਲੱਗੀ। ਚਿੜੀ ਨੇ ਪਹਿਲਾਂ ਤਾਂ ਚੋਗ਼ਾ ਖੁਆ ਕੇ ਚੂਚੂ ਨੂੰ ਰਜਾਇਆ। ਫੇਰ ਉਹ ਆਪਣਾ ਪੇਟ ਭਰਨ ਲਈ ਚੋਗਾ ਚੁੱਗਣ ਲੱਗੀ। ਚੂਚੂ ਨੇ ਟਾਹਲੀ ਲਾਗਿਉਂ ਖੁੱਡ ਵਿੱਚੋਂ ਚੂਹਾ ਨਿਕਲਦਾ ਦੇਖਿਆ। ਉਸ ਦੇ ਨਾਲ਼ ਛੋਟੇ-ਛੋਟੇ ਬੱਚੇ ਸਨ। ਗ਼ੁਲਾਬੀ-ਗ਼ੁਲਾਬੀ ਪੂਛਾਂ ਵਾਲ਼ੇ। ਮੁਲਾਇਮ ਕੰਨਾਂ ਵਾਲ਼ੇ। ਕਦੇ ਉਹ ਚੂਹੇ ਦੀ ਪਿੱਠ 'ਤੇ ਚੜ੍ਹ ਜਾਂਦੇ। ਕਦੇ ਚੂਹੇ ਦੀ ਪੂੰਛ ਮੂੰਹ ਵਿੱਚ ਪਾ ਕੇ ਕਲ਼ੋਲ਼ ਕਰਦੇ। ਚੂਚੂ ਉਨ੍ਹਾ ਨੂੰ ਦੇਖ ਕੇ ਬੜਾ ਖ਼ੁਸ਼ ਹੋਇਆ। ਟਾਹਲੀ ਲਾਗੇ ਨਿੰਮ ਦੇ ਰੁੱਖ਼ ਤੇ ਗੁਲਹਿਰੀਆਂ ਭੱਜੀਆਂ ਫਿਰਦੀਆਂ ਸਨ। ਇੱਕ ਗੁਲਹਿਰੀ ਦੀ ਪਿੱਠ ਤੇ, ਨਿੱਕੀ ਕਾਟੋ ਵੀ ਚਿਪਕੀ ਹੋਈ ਸੀ। ਕਾਟੋ ਨਮੋਲ਼ੀਆਂ ਨੂੰ ਮੂੰਹ ਲਾਉਂਦੀ ਤੇ ਮੁਟਰ-ਮੁਟਰ ਦੇਖੀ ਜਾਂਦੀ ਸੀ। ਚੂਚੂ ਨੇ ਪਹਿਲੀ ਵਾਰ ਆਕਾਸ਼ ਵਿੱਚ ਉੱਡਦੇ ਬੱਦਲ ਦੇਖੇ ਸਨ। ਚੂਚੂ ਪਹਿਲੀ ਵਾਰੀ ਕਣੀਆਂ ਵਿੱਚ ਭਿੱਜਿਆ ਸੀ। ਚੂਚੂ ਦੇ ਮਨ ਵਿੱਚ ਆਇਆ ਕਿ ਉਹ ਵੀ ਆਪਣੀ ਮਾਂ ਵਾਂਗ ਖੇਤ ਵਿੱਚੋਂ ਦਾਣੇ ਚੁੱਗ ਕੇ ਦੇਖੇ। ਉਹ ਟਾਹਲੀ ਲਾਗੇ ਖੇਤ ਵਿੱਚ ਚਲਾ ਗਿਆ। ਇੱਕ ਦਾਣਾ ਚੁੰਝ 'ਤੇ ਧਰਿਆ ਹੀ ਸੀ ਕਿ ਚੂਚੂ ਦੀਆਂ ਤਾਂ ਅੱਖਾਂ ਘੁੰਮ ਗਈਆਂ। ਉਹ ਦਾਣਾ ਅਸਲੋਂ ਕਿਸੇ ਖਾਦ ਜਾਂ ਕੀੜੇ ਮਾਰ ਦਵਾਈ ਦੀ ਗੋਲ਼ੀ ਸੀ। ਚਿੜੀ ਝੱਟ ਚੂਚੂ ਕੋਲ਼ ਪਹੁੰਚ

ਗਈ ਸੀ। ਚਿੜੀ ਦੀ ਜਾਣੀ ਚੀਕ ਨਿਕਲ ਗਈ ਸੀ। ਉਸ ਨੇ ਚੂਚੂ ਨੂੰ ਖ਼ੰਭਾਂ 'ਚ ਭਰ ਕੇ ਝੂਟੇ ਦਿੱਤੇ। ਉਸ ਦਾ ਸੰਘ ਹਿਲਾਇਆ। ਚੁੰਝ ਸਾਫ਼ ਕੀਤੀ। ਗੋਲ਼ੀ ਦਾ ਭੋਰਾ ਚੂਚੂ ਨੇ ਉਲਟੀ ਕਰਕੇ ਬਾਹਰ ਕੱਢ ਦਿੱਤਾ ਸੀ। ਹੁਣ ਚੂਚੂ ਨੌਂ ਬਰ ਨੌਂ ਹੋ ਗਿਆ ਸੀ। ਚਿੜੀ ਤਾਂ ਲੱਗੀ ਚੂਚੂ ਨੂੰ ਝਿੜਕਣ,'' ਜੇ ਅੱਜ ਤੈਨੂੰ ਕੁਝ ਹੋ ਜਾਂਦਾ, ਤਾਂ ਮੈਂ ਕਿਤੋਂ ਦੀ ਨਾਂ ਰਹਿੰਦੀ।''

''ਮਾਂ ਮੈਂ ਵੀ ਤੇਰੇ ਵਾਂਗ, ਚੋਗਾ ਚੁੱਗਣ ਲੱਗਾ ਸੀ।'', ਚੂਚੂ ਕਹਿੰਦਾ।

''ਚੁੱਗ ਲਈਂ ਚੋਗਾ, ਪਹਿਲਾਂ ਇੰਨ੍ਹਾ ਖੇਤਾਂ ਬਾਰੇ ਥੋੜ੍ਹਾ ਸਮਝ ਤਾਂ ਲੈ।'' ਚਿੜੀ ਬੋਲੀ।

''ਮਾਂ ਪਹਿਲਾਂ ਕਹਿੰਦੇ ਤੁਸੀਂ ਮਨੁੱਖਾਂ ਦੇ ਘਰਾਂ ਵਿੱਚ ਆਲ੍ਹਣੇ ਪਾਉਂਦੀਆਂ ਸੀ।'' ਚੂਚੂ ਨੇ ਪੁੱਛਿਆ।

''ਆਹੋ! ਪਾਉਂਦੀਆਂ ਸਾਂ ਆਲ੍ਹਣੇ, ਮਨੁੱਖਾਂ ਦੇ ਘਰਾਂ 'ਚ।'' ਚਿੜੀ ਦਾ ਜਿਵੇਂ ਕਿਸੇ ਨੇ ਜ਼ਖ਼ਮ ਉਚੇੜ ਦਿੱਤਾ ਸੀ।

ਚਿੜੀ ਨੇ ਗੱਲ ਅੱਗੇ ਤੋਰੀ,'' ਉਦੋਂ ਮਨੁੱਖ ਦੇਵਤੇ ਹੁੰਦੇ ਸਨ। ਆਪਣੇ ਹੱਥਾਂ ਨਾਲ਼ ਚੋਗ਼ਾ ਚੁਗਾਉਂਦੇ ਸਨ। ਚਿੜੀਆਂ ਨੂੰ 'ਵਾਜਾਂ ਮਾਰ-ਮਾਰ ਬੁਲਾਉਦੀਆਂ ਸਨ, ਉਨ੍ਹਾ ਦੀਆਂ ਮਾਂਵਾਂ।''

''ਫੇਰ ਕੀ ਹੋਇਆ ਮਾਂ?'' ਚੂਚੂ ਨੇ ਪੁੱਛਿਆ।

''ਮਨੁੱਖ ਫੇਰ ਸ਼ੈਤਾਨ ਹੋ ਗਿਆ। ਪੱਕੀਆਂ ਕੋਠੀਆਂ ਪਾ ਬੈਠਾ। ਲਟੈਣਾਂ ਵਾਲ਼ੀਆਂ ਛੱਤਾਂ ਢਾਹ ਕੇ ਪਰਾਂ ਵਗਾਹ ਮਾਰੀਆਂ। ਸਾਡੇ ਆਲ੍ਹਣੇ ਤੀਲ਼ਾ-ਤੀਲ਼ਾ ਹੋ ਗਏ। ਫੇਰ ਅਸੀਂ ਆਲ੍ਹਣੇ ਕਿੱਥੇ ਪਾਉਂਦੀਆਂ?'' ਚਿੜੀ ਨੇ ਆਪਣੀ ਬੇਵਸੀ ਦੱਸੀ।

''ਬੰਦੇ ਨੇ ਥੋਡੇ ਬਾਰੇ ਭੋਰਾ ਨਾ ਸੋਚਿਆ?'' ਚੂਚੂ ਬੋਲਿਆ।

''ਨਹੀਂ, ਸਾਨੂੰ ਗੁੱਸਾ ਤਾਂ ਇਹੀ ਆ ਮਨੁੱਖ 'ਤੇ।'' ਚਿੜੀ ਮਨ ਦੀ ਗੱਲ ਕਹਿ ਗਈ ਸੀ।

''ਫੇਰ ਤੁਸੀ ਕੀ ਕੀਤਾ?'' ਚੂਚੂ ਨੇ ਅੱਗੇ ਪੁੱਛਿਆ।

''ਅਸੀਂ ਪਿੰਡ ਛੱਡ ਆਈਆਂ। ਵਿਰਾਨ ਖੰਡਰਾਂ ਖੋਲ਼ਿਆਂ 'ਚ ਆਲ੍ਹਣੇ ਪਾ ਲਏ।'' ਚਿੜੀ ਬੋਲੀ।

''ਹੁਣ ਤੁਸੀਂ ਪਿੰਡ ਨਹੀਂ ਜਾਂਦੀਆਂ?'' ਚੂਚੂ ਕਹਿੰਦਾ।

''ਜਾਂਦੀਆਂ ਹਾਂ, ਪਰ ਮਨੁੱਖ ਨਾਲ਼ ਸਾਡੀ ਸਾਂਝ, ਤਰੇੜੀ ਗਈ ਹੈ।'' ਚਿੜੀ ਭਰੀ ਪੀਤੀ ਬੋਲੀ।

''ਨਾਲ਼ੇ ਧੋਖੇਬਾਜ਼ ਮਨੁੱਖ ਹੁਣ ਚੋਗਾ ਥੋੜ੍ਹਾ ਪਾਉਂਦਾ, ਜ਼ਹਿਰਾਂ ਪਰੋਸਦਾ।'' ਚਿੜੀ ਬੋਲੀ ਗਈ। ਗੱਲਾਂ-ਗੱਲਾਂ ਵਿੱਚ ਚੂਚੂ ਨੂੰ ਇੱਕ ਉੱਚੇ ਖ਼ੰਭੇ ਦਾ ਚੇਤਾ ਆ ਗਿਆ। ਉਸ ਨੇ ਚਿੜੀ ਕੋਲ਼ੋਂ ਪੁੱਛ ਹੀ ਲਿਆ, ''ਮਾਂ ਮੰਦਰ ਕੋਲ਼, ਜਿਹੜਾ ਉੱਚਾ ਖ਼ੰਭਾ ਖੜ੍ਹਾ ਹੈ, ਉਹ ਕੀ ਹੈ?''

''ਉਹ ਮੋਬਾਇਲ ਫ਼ੋਨ ਦਾ ਟਾਵਰ ਹੈ। ਮੋਬਾਇਲ ਫ਼ੋਨ ਦੇਖਿਆ ਕਦੀ ਤੂੰ? ਡੱਬੀ ਜਿਹੀ ਕੰਨ ਨਾਲ਼ ਲੱਗਾ ਕੇ ਲੋਕ ਕੱਲੇ ਹੀ ਜੀਹਦੇ ਨਾਲ਼ ਗੱਲਾਂ ਕਰਦੇ ਹੁੰਦੇ ਨੇ। ਇਸ ਟਾਵਰ ਵਿੱਚੋਂ ਮੌਤ ਦੀਆਂ ਤਰੰਗਾਂ ਨਿਕਲਦੀਆਂ ਨੇ। ਚੂਚੂ ਤੂੰ ਜ਼ਿੰਦਗੀ ਵਿੱਚ ਕਦੀ ਵੀ ਇਸ ਖ਼ੰਭੇ ਦੇ ਲਾਗਿਉਂ ਨਹੀਂ ਲੰਘਣਾ। ਇਸ ਦੀਆਂ ਤਰੰਗਾਂ ਤਾਂ ਜੀਕਣ ਕਰੰਟ ਮਾਰਦੀਆਂ ਨੇ। ਮਿੰਟਾਂ ਸਕਿੰਟਾਂ ਵਿੱਚ ਮੌਤ ਦਬੋਚ ਲੈਂਦੀ ਹੈ ਚਿੜੀਆਂ ਨੂੰ।'' ਚਿੜੀ ਨੇ ਚੂਚੂ ਨੂੰ ਸਾਵਧਾਨੀ ਰੱਖਣ ਲਈ ਸਲਾਹ ਦਿੱਤੀ। ਚੂਚੂ ਵੀ ਹੁਣ ਸੋਚੀਂ ਪੈ ਗਿਆ ਸੀ।

''ਸਾਡੇ ਨਾਲ਼ ਦੇ ਰੁੱਖ ਤੋਂ ਕੁਝ ਚਿੜੀਆਂ ਟਾਵਰ ਤੇ ਆਲ੍ਹਣਾ ਬਨਾਉਣ ਬਾਰੇ ਗੱਲਾਂ ਕਰਦੀਆਂ ਸਨ। ਕੱਲ੍ਹ ਦੀਆਂ ਜਗ੍ਹਾ ਦੇਖਣ ਗਈਆਂ, ਅਜੇ ਤੀਕ ਆਪਣੇ ਆਲ੍ਹਣੇ ਨੂੰ ਵਾਪਿਸ ਨਹੀਂ ਮੁੜੀਆਂ।'' ਚਿੜੀ ਨੇ ਗੁਆਂਢੀ ਚਿੜੀਆਂ ਦੀ ਚਿੰਤਾ ਜਤਾਈ।

''ਮਾਂ ਕਿਤੇ ਉਹ ਵੀ ਖ਼ੰਭੇ ਦੀਆਂ ਤਰੰਗਾਂ ਨੇ ਨਿਗ਼ਲ ਨਾ ਲਈਆਂ ਹੋਣ।'' ਚੂਚੂ ਕਹਿੰਦਾ।

''ਸ਼ੁਭ-ਸ਼ੁਭ ਬੋਲ ਚੂਚੂ!'' ਚਿੜੀ ਬੜੀ ਹੌਲ਼ੀ ਆਵਾਜ਼ ਵਿੱਚ ਬੋਲੀ।

ਇਹ ਕਹਿੰਦਿਆਂ ਚਿੜੀ, ਜਿਵੇਂ ਕੰਬ ਗਈ ਸੀ। ਕੰਬਦੇ-ਕੰਬਦੇ ਉਸ ਨੇ ਆਪਣੇ ਚੂਚੂ ਨੂੰ ਆਪਣੇ ਖ਼ੰਭਾਂ ਹੇਠ ਲਕੋ ਲਿਆ ਸੀ।

ਕੰਵਲਜੀਤ ਨੀਲੋਂ
94174-68668



# ਸਮੇਂ ਦੀ ਕਦਰ

ਬਰਫ਼ ਪਿਘਲਦੀ
ਪਾਣੀ ਉਪਰੋਂ ਆ ਰਿਹਾ
ਪੱਥਰਾਂ ਵਿੱਚ ਆਪਣਾ ਰਾਹ
ਬਣਾ ਰਿਹਾ
ਆਪਣੀ ਮੰਜ਼ਿਲ ਵੱਲ ਨੂੰ
ਵਧਦਾ ਜਾ ਰਿਹਾ
ਇਹ ਨਹੀਂ
ਆਪਣਾ ਸਮਾਂ ਗੁਆ ਰਿਹਾ
ਸੋਚੋ ਬੱਚਿਓ ਸਾਨੂੰ ਕੀ
ਸਮਝਾ ਰਿਹਾ?

# ਪੱਥਰ

ਪੱਥਰ ਏਨੇ, ਸੁਹਣੇ-ਸੁਹਣੇ
ਕੀਹਨੇ ਕਿਵੇਂ ਬਣਾਏ?
ਜਾਂ ਪਾਣੀ ਨੇ, ਵਹਿ-ਵਹਿ ਉਪਰੋਂ
ਚੰਗੀ ਤਰ੍ਹਾਂ ਘਸਾਏ।

ਔਕੜਾਂ ਨੇ ਇਨਸਾਨ, ਕਈ ਤਾਂ
ਏਸ ਤਰ੍ਹਾਂ ਚਮਕਾਏ
ਸੂਰਜ ਵਾਂਗੂ, ਰਾਹ ਉਹਨਾਂ ਨੇ
ਲੋਕਾਂ ਦੇ ਰੁਸ਼ਨਾਏ।



# ਪਹਾੜੀ ਗਾਵਾਂ

ਔਹ ਦੇਖੋ ਕੇ
ਚਰਦੀਆਂ ਗਾਵਾਂ
ਚਰ-ਚਰ ਢਿੱਡ ਨੂੰ
ਭਰਦੀਆਂ ਗਾਵਾਂ।

ਦੇਖ ਪਹਾੜਾਂ
ਦੀਆਂ ਉਚਾਈਆਂ
ਦੇਖ-ਦੇਖ ਤੂੰ
ਡੂੰਘੀਆਂ ਖਾਈਆਂ।

ਸਾਂਭ-ਸਾਂਭ ਖੁਰ
ਧਰਦੀਆਂ ਗਾਵਾਂ
ਇਹ ਡਿਗਣੋਂ ਨਹੀਂ
ਡਰਦੀਆਂ ਗਾਵਾਂ।

ਅਮਰਪ੍ਰੀਤ ਸਿੰਘ ਝੀਤਾ
97791-91447



# ਸਿੱਖਿਆ

ਬਾਬਾ ਸਾਹਿਬ ਦਾ ਇਹ ਹੀ ਕਹਿਣਾ।
ਸਿੱਖਿਆ ਤੋਂ ਹੁਣ ਵਾਂਝੇ ਨਾ ਰਹਿਣਾ।

ਸਿੱਖਿਆ ਹੀ ਸਾਰੇ ਭਰਮ ਮਿਟਾਵੇ,
ਬਿਨ ਸਿੱਖਿਆ ਦੇ ਦੁਖ ਪੈਂਦਾ ਸਹਿਣਾ।

ਜਦ ਸਾਰੇ ਹੀ ਪੜ੍ਹ ਲਿਖ ਜਾਵਣਗੇ,
ਗੁਰਬਤ ਦਾ ਜੂੜ ਤਦੋਂ ਹੀ ਲਹਿਣਾ।

ਕਲਮ ਬਣੇਗੀ ਜਦ ਸਾਡੀ ਤਾਕਤ,
ਫਿਰ ਜਾਬਰ ਦੇ ਮਹਿਲਾਂ ਨੇ ਢਹਿਣਾ।

ਕਿਰਤ ਕਮਾ, ਹੱਕ ਦਾ ਹੀ ਖਾਈਏ,
'ਅਮਰ' ਕਦੇ ਵੀ ਵਿਹਲੇ ਨਾ ਬਹਿਣਾ।

ਅਮਨਦੀਪ ਕੌਰ
98776-54596



# ਨਾਨੀ ਦਾ ਘਰ

ਮੰਮੀ ਨਾਲ਼ ਜਦੋਂ ਅਸੀਂ ਨਾਨੀ ਘਰ ਜਾਵਾਂਗੇ,
ਨਾਨੀ ਘਰ ਜਾਕੇ ਅਸੀਂ ਖ਼ੂਬ ਚੀਜੀ ਖਾਵਾਂਗੇ।

ਗੋਦੀ 'ਚ ਬਿਠਾਕੇ ਨਾਨੀ ਕਰੂਗੀ ਪਿਆਰ ਬਈ,
ਦੇਊਗੀ ਅਸੀਸਾਂ ਮੁੱਖ ਚੁੰਮੂ ਵਾਰ-ਵਾਰ ਬਈ।

ਨਾਨਾ ਜੀ ਦੇ ਮੋਢੇ ਉੱਤੇ ਬੈਠ ਗੇੜਾ ਲਾਵਾਂਗੇ,
ਮੰਮੀ ਨਾਲ਼ ਜਦੋਂ ਅਸੀਂ ਨਾਨੀ ਘਰ ਜਾਵਾਂਗੇ।

ਮਾਮਾ ਘੁੱਟ ਜੱਫ਼ੀ ਪਾਊ ਮਾਮੀ ਦੇਊਗੀ ਖਿਡੌਣੇ,
ਖ਼ੁਸ਼ੀਆਂ ਦੇ ਦਿਨ ਨਹੀਓਂ ਮੁੜ-ਮੁੜ ਆਉਣੇ।

ਨਿੱਕੇ ਭੈਣਾਂ-ਭਾਈਆਂ ਨਾਲ਼ ਚਿੱਤ ਪਰਚਾਵਾਂਗੇ,
ਮੰਮੀ ਨਾਲ਼ ਜਦੋਂ ਅਸੀਂ ਨਾਨੀ ਘਰ ਜਾਵਾਂਗੇ।

ਪੀਪਾ ਬਿਸਕੁਟਾਂ ਵਾਲ਼ਾ ਆਊ ਅੱਡੇ ਉੱਤੇ ਛੱਡਕੇ,
ਤਹਿ ਕੀਤਾ ਨੋਟ ਦੇਊ ਚੁੰਨੀ ਵਿੱਚੋਂ ਕੱਢਕੇ।

ਲੈ ਕੇ ਸਿੱਲੇ ਜਿਹੇ ਨੈਣ ਫੇਰ ਬੱਸ ਚੜ੍ਹ ਜਾਵਾਂਗੇ,
ਮੰਮੀ ਨਾਲ਼ ਜਦੋਂ ਅਸੀਂ ਨਾਨੀ ਘਰ ਜਾਵਾਂਗੇ।

ਬੇਫ਼ਿਕਰਾ ਜਿਹਾ ਬਚਪਨ ਹੁੰਦਾ ਅਨਮੋਲ ਜੀ,
ਦਿਲ ਜਿੱਤ ਲੈਂਦੇ ਮਿੱਠੇ ਤੋਤਲੇ ਨੇ ਬੋਲ ਜੀ।

ਯਾਦਾਂ ਖੱਟੀਆਂ ਤੇ ਮਿੱਠੀਆਂ ਦੀਪ ਨੂੰ ਸੁਣਾਵਾਂਗੇ,
ਮੰਮੀ ਨਾਲ਼ ਜਦੋਂ ਅਸੀਂ ਨਾਨੀ ਘਰ ਜਾਵਾਂਗੇ।

ਬਹਾਦਰ ਸਿੰਘ ਗੋਸਲ
98764-52223



# ਬਾਦਸ਼ਾਹ ਦੇ ਤਿੰਨ ਸੁਆਲ

ਬੱਚਿਓ! ਪੁਰਾਣੇ ਸਮਿਆਂ ਦੀ ਇੱਕ ਬਹੁਤ ਹੀ ਦਿਲਚਸਪ ਕਹਾਣੀ ਮੈਂ ਤੁਹਾਡੇ ਨਾਲ਼ ਸਾਂਝੀ ਕਰਨੀ ਚਾਹੁੰਦਾ ਹਾਂ। ਇਸ ਕਹਾਣੀ ਵਿੱਚ ਇੱਕ ਬਾਦਸ਼ਾਹ ਰਾਜ ਕਰਦਾ ਸੀ। ਉਹ ਬਾਦਸ਼ਾਹ ਸਮਝਦਾਰ ਤਾਂ ਸੀ, ਪਰ ਉਸਨੂੰ ਵੱਡੇ ਰਾਜ ਦੇ ਹੰਕਾਰ ਨੇ ਨਾਸਤਿਕ ਬਣਾ ਰੱਖਿਆ ਸੀ। ਉਹ ਪ੍ਰਮਾਤਮਾ ਵਿੱਚ ਵਿਸ਼ਵਾਸ ਨਹੀਂ ਸੀ ਕਰਦਾ ਸਗੋਂ ਉਸਦਾ ਵਿਚਾਰ ਸੀ ਕਿ ਬਾਦਸ਼ਾਹ ਹੀ ''ਆਲ-ਮਾਈਟੀ'' ਹੁੰਦਾ ਹੈ। ਜੋ ਉਹ ਕਰਦਾ ਹੈ ਇਸ ਵਿੱਚ ਪ੍ਰਭੂ ਜਾਂ ਪ੍ਰਮਾਤਮਾ ਦਾ ਕੋਈ ਦਖ਼ਲ ਨਹੀਂ ਹੁੰਦਾ। ਰਾਜੇ ਦੇ ਇਸ ਵਿਚਾਰ ਦੀ ਸਭ ਪਾਸੇ ਚਰਚਾ ਸੀ।

ਇੱਕ ਵਾਰ ਉਸ ਬਾਦਸ਼ਾਹ ਦੇ ਰਾਜ ਵਿੱਚ ਇੱਕ ਪ੍ਰਭੂ ਦਾ ਭਗਤ ਮਹਾਤਮਾ ਆ ਗਿਆ ਅਤੇ ਸ਼ਹਿਰ ਦੇ ਬਾਹਰ ਉਸਨੇ ਆਪਣਾ ਟਿਕਾਣਾ ਕਰ ਲਿਆ। ਉਸ ਮਹਾਤਮਾ ਨੇ ਲੋਕਾਂ ਨੂੰ ਪ੍ਰਭੂ ਦਾ ਸੰਦੇਸ਼ ਦੇਣਾ ਸ਼ੁਰੂ ਕਰ ਦਿੱਤਾ ਅਤੇ ਲੋਕ ਵੀ ਉਸਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਣ ਲੱਗੇ। ਗੱਲ ਰਾਜ ਮਹਿਲ ਤੱਕ ਪਹੁੰਚ ਗਈ ਤਾਂ ਬਾਦਸ਼ਾਹ ਦੇ ਵਜ਼ੀਰ ਨੇ ਬਾਦਸ਼ਾਹ ਨੂੰ ਕਿਹਾ ''ਜੀ, ਤੁਹਾਡੇ ਰਾਜ ਵਿੱਚ, ਉਸ ਸ਼ਹਿਰ ਦੇ ਬਾਹਰ ਇੱਕ ਮਹਾਤਮਾ ਪ੍ਰਭੂ ਭਗਤੀ ਵਿੱਚ ਰੰਗਿਆ ਲੋਕਾਂ ਨੂੰ ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖਣ ਦਾ ਉਪਦੇਸ਼ ਦੇ ਰਿਹਾ ਹੈ। ਉਸਦਾ ਮੰਨਣਾ ਹੈ ਕਿ ਪ੍ਰਮਾਤਮਾ ਹਾਜ਼ਰ-ਨਾਜ਼ਰ ਹੈ।'' ਵਜ਼ੀਰ ਦੀ ਗੱਲ ਸੁਣ ਬਾਦਸ਼ਾਹ ਨੇ ਉਸ ਮਹਾਤਮਾ ਨੂੰ ਮਿਲਣ ਦਾ ਫ਼ੈਸਲਾ ਕੀਤਾ।

ਇੱਕ ਦਿਨ ਬਾਦਸ਼ਾਹ ਆਪਣੇ ਵਜ਼ੀਰ ਨੂੰ ਨਾਲ਼ ਲੈ ਕੇ ਉਸ ਮਹਾਤਮਾ ਪਾਸ ਪਹੁੰਚ ਗਿਆ ਅਤੇ ਕਿਹਾ, ''ਮਹਾਤਮਾ ਜੀ ਤੁਸੀਂ ਪ੍ਰਮਾਤਮਾ ਦੀ ਹੋਂਦ ਦਾ ਉਪਦੇਸ਼ ਦੇਂਦੇ ਹੋ ਜਦੋਂ ਕਿ ਮੈਂ ਇਸ ਵਿਚਾਰ ਨੂੰ ਨਹੀਂ ਮੰਨਦਾ, ਮੇਰਾ ਮਨ ਨਾਸਤਿਕ ਹੈ। ਇਸ ਲਈ ਮੈਂ ਆਪਣੀ ਸ਼ੰਕਾ ਮਿਟਾਉਣ ਲਈ ਤੁਹਾਨੂੰ ਤਿੰਨ ਸੁਆਲ ਕਰਾਂਗਾ ਅਤੇ ਤੁਹਾਡੇ ਪਾਸੋਂ ਪ੍ਰਮਾਤਮਾ ਦੀ ਹੋਂਦ ਬਾਰੇ ਤਿੰਨ ਸੁਆਲਾਂ ਦੇ ਉੱਤਰਾਂ ਦੀ ਉਮੀਦ ਕਰਾਂਗਾ।'' ਮਹਾਤਮਾ ਨੇ ਵੀ ਖ਼ੁਸ਼ੀ ਮਨ ਨਾਲ਼ ਪ੍ਰਸ਼ਨ ਪੁੱਛਣ ਅਤੇ ਤਿੰਨੋਂ ਸਵਾਲਾਂ ਦੇ ਉੱਤਰ ਦੇਣ ਦਾ ਵਾਅਦਾ ਕੀਤਾ ਤਾਂ ਬਾਦਸ਼ਾਹ ਨੇ ਪਹਿਲਾ ਸੁਆਲ ਪੁੱਛਿਆ, ''ਮਹਾਤਮਾ ਜੀ, ਜੇ ਪ੍ਰਮਾਤਮਾ ਹੈ ਤਾਂ ਦਿਖਦਾ ਕਿਉਂ ਨਹੀਂ?'' ਮਹਾਤਮਾ ਜੀ ਨੇ ਉੱਤਰ ਦੇਣ ਲਈ ਬਾਦਸ਼ਾਹ ਪਾਸੋਂ ਇੱਕ ਦੁੱਧ ਦਾ ਕਟੋਰਾ ਮੰਗਵਾਇਆ ਅਤੇ ਰਾਜੇ ਨੂੰ

ਦੱਸਣ ਲੱਗੇ, "ਦੇਖੋ ਰਾਜਨ! ਇਹ ਦੁੱਧ ਹੈ ਇਸ ਵਿੱਚ ਘਿਓ ਹੈ ਪਰ ਦਿਸਦਾ ਨਹੀਂ , ਪਰ ਜੇ ਤੁਸੀਂ ਕੋਈ ਵਿਧੀ ਅਪਣਾ ਕੇ, ਮਿਹਨਤ ਕਰਕੇ ਉੱਦਮ ਕਰੋਗੇ ਤਾਂ ਤੁਸੀਂ ਘਿਓ ਪ੍ਰਾਪਤ ਵੀ ਕਰ ਲਵੋਗੇ ਅਤੇ ਘਿਓ ਤੁਹਾਨੂੰ ਨਜ਼ਰ ਵੀ ਆਵੇਗਾ, ਇਹੀ ਸਥਿਤੀ ਪ੍ਰਮਾਤਮਾ ਦੀ ਹੈ। " ਬਾਦਸ਼ਹ ਦੀ ਤਸੱਲੀ ਹੋ ਗਈ।

ਹੁਣ ਬਾਦਸ਼ਾਹ ਨੇ ਦੂਜਾ ਸੁਆਲ ਪੁੱਛਿਆ, "ਪ੍ਰਮਾਤਮਾ ਦੀ ਹੋਂਦ ਤੋਂ ਪਹਿਲਾਂ ਕੀ ਕੁਝ ਸੀ? " ਤਾਂ ਇਸ ਦੇ ਉੱਤਰ ਲਈ ਮਹਾਤਮਾ ਨੇ ਬਾਦਸ਼ਾਹ ਤੋਂ ਹੀਰੇ ਮੋਤੀਆਂ ਦਾ ਭਰਿਆ ਇੱਕ ਥਾਲ਼ ਮੰਗਵਾਇਆ ਅਤੇ ਬਾਦਸ਼ਾਹ ਨੂੰ ਗਿਣਤੀ ਕਰਨ ਲਈ ਕਿਹਾ। ਬਾਦਸ਼ਾਹ ਇੱਕ-ਇੱਕ ਕਰਕੇ, ਇੱਕ, ਦੋ ਤਿੰਨ ਗਿਣਦਾ, ਪਰ ਮਹਾਤਮਾ ਰੋਕ ਦੇਂਦਾ। ਦੋ ਤਿੰਨ ਵਾਰ ਕਰਨ ਤੋਂ ਬਾਅਦ ਬਾਦਸ਼ਾਹ ਨੇ ਕਿਹਾ, ਮੈਂ ਤਿੰਨ ਤੱਕ ਤਾਂ ਗਿਣਦਾ ਹਾਂ, ਪਰ ਤੁਸੀਂ ਰੋਕ ਦੇਂਦੇ ਹੋ, ਤਿੰਨ ਤੱਕ ਹੀ ਮੈਂ ਕੀ ਗ਼ਲਤੀ ਕਰ ਦੇਂਦਾ ਹਾਂ?" ਮਹਾਤਮਾ ਜੀ ਹੱਸ ਪਏ ਅਤੇ ਕਹਿਣ ਲੱਗੇ, "ਕੀ, ਇੱਕ ਤੋਂ ਪਹਿਲਾ ਕੁਝ ਨਹੀਂ?" ਤਾਂ ਬਾਦਸ਼ਾਹ ਨੇ ਕਿਹਾ, "ਹਾਂ, ਜੀ ਇੱਕ ਤੋਂ ਪਹਿਲਾ ਕੁਝ ਨਹੀਂ।" ਮਹਾਤਮਾ ਨੇ ਦੱਸਿਆ ਕਿ ਇਸੇ ਤਰ੍ਹਾਂ ਪ੍ਰਮਾਤਮਾ ਤੋਂ ਪਹਿਲਾ ਵੀ ਕੁਝ ਨਹੀਂ ਹੈ ਉਹ ਹੀ ਕਰਤਾ ਕਰਨਹਾਰ ਹੈ।" ਬਾਦਸ਼ਾਹ ਨੂੰ ਇਸ ਦੀ ਵੀ ਸਮਝ ਲੱਗ ਗਈ।

ਹੁਣ ਬਾਦਸ਼ਾਹ ਨੇ ਮਹਾਤਮਾ ਨੂੰ ਤੀਜਾ ਸੁਆਲ ਵੀ ਪੁੱਛ ਲਿਆ, "ਮਹਾਤਮਾ ਜੀ ਦੱਸੋ, ਪ੍ਰਮਾਤਮਾ ਕੀ ਕਰਦਾ ਹੈ?" ਸੁਆਲ ਸੁਣ ਕੇ ਮਹਾਤਮਾ ਨੇ ਕਿਹਾ, "ਬਾਦਸ਼ਾਹ ਇਸ ਦਾ ਉੱਤਰ ਮੈਂ ਤੁਹਾਨੂੰ ਤੁਹਾਡੇ ਦਰਬਾਰ ਵਿੱਚ ਦੇਵਾਂਗਾ।" ਦੂਜੇ ਦਿਨ ਮਹਾਤਮਾ ਉਸ ਬਾਦਸ਼ਾਹ ਦੇ ਭਰੇ ਦਰਬਾਰ ਵਿੱਚ ਪਹੁੰਚ ਗਿਆ ਤਾਂ ਬਾਦਸ਼ਾਹ ਨੇ ਆਪਣਾ ਸੁਆਲ ਦੁਹਰਾਇਆ। ਮਹਾਤਮਾ ਨੇ ਕਿਹਾ, "ਇਸ ਦਾ ਉੱਤਰ ਹੈ, ਪਰ ਉਹ ਉੱਤਰ ਮੈਂ ਤੁਹਾਨੂੰ ਤੁਹਾਡੇ ਸਿੰਘਾਸਣ ਤੇ ਬੈਠ ਕੇ ਹੀ ਦੇ ਸਕਦਾ ਹਾਂ। ਇਸ ਲਈ ਤੁਸੀਂ ਮੇਰੀ ਥਾਂ ਤੇ ਮੈਂ ਤੁਹਾਡੀ ਥਾਂ ਹੋਵਾਂਗਾ। ਬਾਦਸ਼ਾਹ ਸਿੰਘਾਸਣ ਖਾਲੀ ਕਰ ਮਹਾਤਮਾ ਦੀ ਥਾਂ ਆ ਖੜ੍ਹਾ ਹੋਇਆ ਅਤੇ ਮਹਾਤਮਾ ਸਿੰਘਾਸਣ ਤੇ ਅਰਾਮ ਨਾਲ਼ ਬੈਠ ਗਏ। ਬਾਦਸ਼ਾਹ ਨੇ ਫਿਰ ਪੁੱਛਿਆ, "ਪ੍ਰਮਾਤਮਾ ਕਰਦਾ ਕੀ ਹੈ? " ਮਹਾਤਮਾ ਨੇ ਹੱਸਦੇ ਹੋਏ ਕਿਹਾ, "ਬਾਦਸ਼ਾਹ ਤੈਨੂੰ ਸਮਝ ਨਹੀਂ ਲੱਗੀ ਕਿ ਪ੍ਰਮਾਤਮਾ ਕੀ ਕਰਦਾ ਹੈ? ਉਹ ਇਹੀ ਤਾਂ ਕਰਦਾ ਹੈ ਕਿਸੇ ਨੂੰ ਰਾਜ ਗੱਦੀ ਤੇ ਬਿਠਾ ਦਿੰਦਾ ਹੈ ਅਤੇ ਕਿਸੇ ਨੂੰ



ਹੇਠਾਂ ਉਤਾਰ ਦੇਂਦਾ ਹੈ। ਉਸਦੇ ਰੰਗ ਨਿਆਰੇ ਹਨ। ਉਹ ਕਿਸੇ ਨੂੰ ਰਾਜਾ ਅਤੇ ਕਿਸੇ ਨੂੰ ਭਿਖਾਰੀ ਬਣਾ ਦੇਂਦਾ ਹੈ। ਉਸਦੀ ਖੇਡ ਹੀ ਨਿਆਰੀ ਹੈ।" ਬਾਦਸ਼ਾਹ ਨੇ ਮਹਾਤਮਾ ਦੇ ਪੈਰ ਫੜ੍ਹ ਲਏ ਅਤੇ ਕਿਹਾ, "ਮੈਂ ਆਪਣੇ ਰਾਜ-ਭਾਗ ਦੇ ਹੰਕਾਰ ਵਿੱਚ ਪ੍ਰਮਾਤਮਾ ਨੂੰ ਭੁੱਲ ਬੈਠਿਆ ਸੀ, ਮੇਰੇ ਵਲੋਂ ਪੁੱਛੇ ਤਿੰਨਾਂ ਸੁਆਲਾਂ ਦੇ ਤੁਹਾਡੇ ਉੱਤਰਾਂ ਨੇ ਮੇਰੀ ਬੁੱਧੀ ਨੂੰ ਦਰੁੱਸਤ ਕਰ ਦਿੱਤਾ। ਮੈਂ ਇਸ ਵੱਡੇ ਰਾਜ ਲਈ ਪ੍ਰਭੂ ਦਾ ਰਿਣੀ ਹਾਂ। ਮੈਂ ਇਹ ਵੀ ਸਮਝ ਗਿਆ ਹਾਂ ਉੱਦਮ, ਮਿਹਨਤ ਅਤੇ ਸਦਬੁੱਧੀ ਨਾਲ਼ ਹੀ ਕੋਈ ਚੀਜ਼ ਪ੍ਰਾਪਤ ਕੀਤੀ ਜਾ ਸਕਦੀ ਹੈ। ਮਹਾਤਮਾ ਜੀ ਬਹੁਤ ਖ਼ੁਸ਼ ਹੋਏ ਅਤੇ ਬੜੇ ਪਿਆਰ ਅਤੇ ਸਤਿਕਾਰ ਨਾਲ਼ ਬਾਦਸ਼ਾਹ ਨੂੰ ਸਿੰਘਾਸਣ ਤੇ ਬਿਠਾਇਆ ਅਤੇ ਹੰਕਾਰ ਤਿਆਗ ਕੇ ਜਨਹਿੱਤ ਵਿੱਚ ਸੇਵਾ ਕਰਨ ਦਾ ਅਸ਼ੀਰਵਾਦ ਦਿੱਤਾ।"



ਲਖਵਿੰਦਰ ਸਿੰਘ ਬਾਜਵਾ
94167-34506

# ਤਾਰੇ

ਅਸਮਾਨ ਵਿੱਚ ਚਮਕਣ ਤਾਰੇ,
ਨਿੱਕੇ ਨਿੱਕੇ ਪਿਆਰੇ ਪਿਆਰੇ।

ਟਿਮਟਿਮਾਉਂਦੇ ਮਨ ਨੂੰ ਮੋਂਹਦੇ,
ਰਾਤੀਂ ਜਾਗਣ ਦਿਨ ਨੂੰ ਸੌਂਦੇ।

ਚੰਦੇ ਦੀ ਬਰਾਤ ਸਜਾ ਕੇ,
ਰਾਤਾਂ ਨੂੰ ਸ਼ਬਰਾਤ ਬਣਾ ਕੇ।

ਊਸ਼ਾ ਤਾਈਂ ਵਿਆਹਵਣ ਜਾਂਦੇ,
ਰਾਤ ਨੂੰ ਦਿਵਸ ਬਣਾਵਣ ਜਾਂਦੇ।

ਦਾਦੀ ਅੰਮਾਂ ਵੇਖ ਸਿਤਾਰੇ,
ਦੱਸਦੀ ਤਾਰਾ ਮੰਡਲ ਬਾਰੇ।

ਭਾਵੇਂ ਸਨ ਉਹ ਕਲਪਿਤ ਬਾਤਾਂ,
ਬਾਲ ਮਨਾ ਦੇ ਲਈ ਸੁਗ਼ਾਤਾਂ।

ਇੱਕ ਸੇਧ ਅੰਦਰ ਤਿੰਨ ਤਾਰੇ,
ਹੁਣੇ ਸੁਣਾਵਾਂ ਇਹਨਾਂ ਬਾਰੇ।

ਵਹਿੰਗੀ ਸਰਬਣ ਭਗਤ ਲਿਜਾਵੇ,
ਤੀਰਥ ਮਾਪਿਆਂ ਤਾਈਂ ਕਰਾਵੇ।

ਔਹ ਵਹਿੰਗੀ ਤੇ ਔਹ ਏ ਖਿੱਤੀ,
ਰੱਬ ਦਾ ਖੂਹ ਏ ਨਹੀ ਦੁਚਿੱਤੀ।

ਔਹ ਛੜਿਆਂ ਦਾ ਜਾਂਦਾ ਰਾਹ,
ਕੈਸਾ ਸੁੰਦਰ ਵਾਹ ਜੀ ਵਾਹ।

ਖੂਹ ਤੋਂ ਛੜੇ ਭਰਨ ਪਏ ਪਾਣੀ,
ਕਹੇ ਏਸ ਦੀ ਅਜਬ ਕਹਾਣੀ।

ਪਤਨੀ ਪਤੀ ਸ਼ਾਮ ਨੂੰ ਸੁੱਤੇ,
ਨਜ਼ਰ ਗਈ ਅਸਮਾਨਾਂ ਉੱਤੇ।

ਪਤੀ ਪੁਛੇਂਦਾ ਔਹ ਕੀ ਪਿਆਰੀ,
ਵਿੱਚ ਤਾਰਿਆਂ ਦਿਸੇ ਨਿਆਰੀ?

ਆਖਣ ਲੱਗੀ ਵਹੁਟੀ ਰਾਣੀ,
ਰਾਹ ਛੜਿਆਂ ਦਾ ਢੋਂਦੇ ਪਾਣੀ।

ਰੱਬ ਜੀ ਦਾ ਇਸ਼ਨਾਨ ਕਰਾਉਂਦੇ,
ਸੇਵਾ ਕਰ ਕੇ ਰੱਬ ਰੀਝਾਉਂਦੇ।

ਤਾਂ ਕਿ ਜਨਮ ਹੋਰ ਜਾ ਪਾਈਏ,
ਫੇਰ ਛੜੇ ਹੀ ਨਾ ਰਹਿ ਜਾਈਏ।

ਪਤੀ ਬੋਲਿਆ ਮੂਰਖ਼ ਨਾਰੀ,
ਤੇਰੀ ਮੱਤ ਕਿਉਂ ਹੈ ਮਾਰੀ।

ਮੰਜੀ ਥੱਲੇ ਮੇਰੀ ਡਾਹੀ,
ਮਾਰਨ ਲਈ ਵਿਓਂਤ ਬਣਾਈ?

ਮਤੇ ਤਿਲਕ ਕੇ ਪੈਰ ਨਿੱਪੁਤੇ
ਘੜੇ ਸਣੇ ਆ ਡਿੱਗਣ ਉੱਤੇ।

ਏਦਾਂ ਕਹਿ ਪਤਨੀ ਖੜਕਾਈ,
ਦੂਜੇ ਜੀਆਂ ਮਸਾਂ ਛੁਡਾਈ।

ਤਾਰੇ ਸੱਤ ਨਜ਼ਰ ਜੋ ਆਉਂਦੇ,
ਲੋਕੀਂ ਏਦਾਂ ਗੱਲ ਸੁਣਾਉਂਦੇ।

ਔਹ ਚੋਰ ਦੇ ਪਿੱਛੇ ਕੁੱਤਾ,
ਭੱਜਿਆ ਉੱਠ ਕੇ ਮਾਲਕ ਸੁੱਤਾ।

ਸੱਚ ਖੰਡ ਦਰਵਾਜ਼ੇ ਠਹਿਰਾ,
ਧਰੂ ਭਗਤ ਪਿਆ ਦੇਵੇ ਪਹਿਰਾ।

ਫੇਰ ਧਰੂ ਦੀ ਕਥਾ ਸੁਣਾਵੇ,
ਦਿਲ ਵਿੱਚ ਭਗਤੀ ਭਾਵ ਜਗਾਵੇ।

ਚੰਨ ਪਰਵਾਰ ਦੇ ਅੰਦਰ ਤਾਰਾ,
ਲੱਗਦਾ ਮੀਂਹ ਪੈਣਾ ਏਂ ਭਾਰਾ।

ਵਿੱਚ ਤੁਹਾਡੇ ਕੌਣ ਸਿਆਣਾ,
ਬੁੱਝੇ ਜਰਾ ਬੁਝਾਰਤ ਜਾਣਾ।

ਇੱਕ ਥਾਲ਼ ਮੋਤੀਆਂ ਭਰਿਆ,
ਸਭ ਦੇ ਸਿਰ ਤੇ ਉਲਟਾ ਧਰਿਆ।

ਚਾਰੇ ਪਾਸੇ ਥਾਲ਼ ਉਹ ਫਿਰੇ,
ਮੋਤੀ ਉਸ ਚੋਂ ਕੋਈ ਨਾ ਕਿਰੇ।

ਨੀਲੀ ਟਾਕੀ ਚੌਲ਼ ਬੱਧੇ,
ਦਿਨੇ ਗਵਾਚੇ ਰਾਤੀਂ ਲੱਭੇ।

ਦਾਦੀ ਬਾਤਾਂ ਜਾਏ ਪਾਈ,
ਬੱਚੇ ਜਾਵਣ ਮਨ ਪਰਚਾਈ।

ਤੱਕਦੇ-ਤੱਕਦੇ ਪਿਆਰੇ ਤਾਰੇ,
ਲੈਣ ਪਏ ਉਹ ਨੀਂਦ ਹੁਲਾਰੇ।

ਬੱਚੇ ਸੌਂ ਗਏ ਤਾਰਿਆਂ ਥੱਲੇ,
ਤਾਰਿਆਂ ਅਰਸ਼ੋਂ ਸੁਪਨੇ ਘੱਲੇ।

ਆਈ ਮਿੱਠੀ ਨੀਂਦ ਪਿਆਰੀ,
ਏਦਾਂ ਰਾਤ ਬੀਤ ਗਈ ਸਾਰੀ।

ਜਾਂ ਹੋਈ ਆ ਸਵੇਰ ਸੁਹਾਣੀ,
ਟੁੱਟ ਗਈ ਸੁਪਨੇ ਦੀ ਤਾਣੀ।

ਮਾਂ ਨੇ ਵਾਜਾਂ ਮਾਰ ਜਗਾਇਆ,
ਉੱਠੋ ਦਿਨ ਚਿੱਟਾ ਚੜ੍ਹ ਆਇਆ।

ਅੱਜ-ਕੱਲ੍ਹ ਕੋਈ ਬਾਹਰ ਨਾ ਸੌਂਦਾ,
ਤਾਰਿਆਂ ਸੰਗ ਨਾ ਬਾਤਾਂ ਪਾਉਂਦਾ।

ਬੱਚਿਓ ਕਦੇ ਬਾਹਰ ਵੀ ਸੌਣਾ
ਸੰਗ ਤਾਰਿਆਂ ਵਕਤ ਬਿਤਾਉਣਾ।

ਤਾਰਿਆਂ ਚੋਂ ਨਿੰਮੀ ਲੋ ਆਉਂਦੀ,
ਦਿਲ ਦੇ ਵਿੱਚ ਉਮੰਗ ਜਗਾਉਂਦੀ।

ਤਾਰਿਆਂ ਚੋਂ ਜੋ ਚਾਨਣ ਝਰਦਾ,
ਆਖਣ ਦੁੱਖ ਦਰਿਦਰ ਹਰਦਾ।

ਕੁਦਰਤ ਵਾਲ਼ੇ ਵੇਖ ਨਜ਼ਾਰੇ,
ਬਾਜਵਿਆ ਦੁੱਖ ਭੁੱਲਣ ਸਾਰੇ।

ਰਣਬੀਰ ਸਿੰਘ ਪ੍ਰਿੰਸ
98722-99613



# ਚੋਰੀ ਕੱਖ ਦੀ ਵੀ ਮਾੜੀ ਤੇ ਲੱਖ ਦੀ ਵੀ

ਸਕੂਲ ਦੀ ਘੰਟੀ ਵੱਜਦਿਆਂ ਹੀ ਬੱਚਿਆਂ ਨੇ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ। ਵੱਖ-ਵੱਖ ਅਵਾਜ਼ਾਂ ਆ ਰਹੀਆਂ ਸਨ, ਉੱਚੀ ਸੁਰ ਵਿੱਚ ਅੱਧੀ ਛੁੱਟੀ ਸਾਰੀ ਘੋੜੇ ਦੀ ਸਵਾਰੀ, ਛੁੱਟੀ ਬਈ ਛੁੱਟੀ ਘੁਮਿਆਰਾਂ ਦੀ ਗਧੀ ਕੁੱਟੀ। ਤਾਂ ਅਚਾਨਕ ਗੋਗੀ ਨੇ ਆ ਰਾਣੂੰ ਨੂੰ ਕਿਹਾ ਆ ਯਾਰ ਚੱਲੀਏ। ਕਿੱਥੇ? ਰਾਣੂੰ ਨੇ ਪੁੱਛਿਆ। ਗੋਗੀ ਜੀਤੂ ਬੱਕਰੀਆਂ ਵਾਲ਼ੇ ਦੀਆਂ ਅੰਬੀਆਂ ਤੋੜ ਲਿਆਈਏ। ਅੱਜ ਉਹ ਹੈ ਵੀ ਨਹੀਂ, ਸ਼ਹਿਰ ਜਾਂਦਾ ਮੈਂ ਅੱਖੀਂ ਵੇਖਿਆ। ਰਾਣੂੰ ਨਾ ਯਾਰ ਗੋਗੀ ਮੈਂ ਨਹੀਂ ਆਉਣਾ। ਗੋਗੀ ਕੀ ਗੱਲ? ਓ ਯਾਰ ਬੇਬੇ ਲੜੂ। ਓਹ ਯਾਰ ਤੇਰੀ ਬੇਬੇ ਨੂੰ ਕੀ ਪਤਾ ਲੱਗਣਾ। ਆ ਆਪਾਂ ਚੱਲਦੇ ਹਾਂ। ਰਾਣੂੰ ਨਾ ਯਾਰ ਬੇਬੇ ਲੜੂ। ਓਹ ਬੇਬੇ ਦਾ ਕੀ ਹੈ! ਨਹੀਂ ਮੇਰੀ ਬੇਬੇ ਆਂਦੀ ਹੈ ਕਿ ਪੁੱਤ ਚੋਰੀ ਨਹੀਂ ਕਰਨੀ। ਚੋਰੀ ਕਰਨਾ ਪਾਪ ਹੁੰਦੈ। ਓਏ ਯਾਰ ਤੇਰੀ ਬੇਬੇ ਤਾਂ ਐਵੇਂ ਯੱਬਲੀਆਂ ਮਾਰਦੀ ਰਹਿੰਦੀ ਏ। ਖਾਣ-ਪੀਣ ਦੀ ਕੋਈ ਚੋਰੀ ਨਹੀਂ ਹੁੰਦੀ। ਨਾ ਯਾਰ ਗੋਗੀ ਮੇਰੀ ਬੇਬੇ ਯੱਬਲੀਆਂ ਨਹੀਂ ਮਾਰਦੀ। ਸੱਚੀਆਂ ਗੱਲਾਂ ਕਰਦੀ ਏ। ਤੇ ਨਾਲ਼ੇ ਮੇਰੀ ਬੇਬੇ ਐਨੀਂ ਵੀ ਮਾੜੀ ਨਹੀਂ। ਖ਼ਰਾ ਸੋਨਾ! ਖ਼ਰਾ ਸੋਨਾ! ਤੇ ਮੇਰੀ ਬੇਬੇ ਦੀਆਂ ਬਾਤਾਂ ਵੀ ਕਿਆ ਬਾਤਾਂ ਨੇ। ਤੇ ਹਰ ਪਲ ਸੱਚ ਬੋਲਦੀ ਹੈ। ਗੋਗੀ ਉਹ ਛੱਡ ਯਾਰ, ਤੂੰ ਤਾਂ ਐਵੇਂ ਸੰਤਾਂ ਮਹਾਤਮਾਂ ਵਾਂਗੂੰ ਪ੍ਰਵਚਨ ਕਰਨ ਲੱਗ ਜਾਨਾਂ। ਆ ਚੱਲਦੇ ਹਾਂ, ਅੰਬੀਆਂ ਤੋੜਦੇ ਹਾਂ। ਸਵਾਦ ਲੈ-ਲੈ ਕੇ! ਚਟਕਾਰੇ ਲਾ-ਲਾ ਕੇ ਖਾਵਾਂਗੇ। ਨਾ ਯਾਰ ਗੋਗੀ ਮੈਂ ਨਹੀਂ ਆਉਣਾ। ਓਏ ਜਾਹ ਯਾਰ, ਮੈਂ ਚੱਲਿਆ। ਤੂੰ ਚੱਲਿਆ ਤਾਂ ਕੋਈ ਗੱਲ ਨਹੀ। ਤੂੰ ਜਾਹ! ਪਰ ਮੈਂ ਨਹੀਂ ਆਉਣਾ। ਉਹ ਤੇਰੀ ਬੇਬੇ ਦੀਆਂ ਗੱਲਾਂ ਵੀ ਕੋਈ ਗੱਲਾਂ ਨੇ, ਰਾਣੂੰ ਮੇਰੀ ਬੇਬੇ ਦੀਆਂ ਗੱਲਾਂ ਤਾਂ ਗੱਲਾਂ ਹੀ ਨੇ ਮਿੱਤਰਾਂ। ਠੀਕ ਹੈ ਮੈਂ ਚੱਲਿਆ। ਠੀਕ ਹੈ ਯਾਰ ਕਹਿ ਕੇ ਰਾਣੂੰ ਘਰ ਵੱਲ ਤੇ ਗੋਗੀ ਜੀਤੂ ਬੱਕਰੀਆਂ ਵਾਲ਼ੇ ਦੀਆਂ ਅੰਬੀਆਂ ਵੱਲ ਨੂੰ ਹੋ ਤੁਰਿਆ।

ਘਰ ਪਹੁੰਚਦਿਆਂ ਹੀ ਮਾਂ ਨੇ ਪੁੱਛਿਆ ਕੀ ਗੱਲ ਪੁੱਤ ਰਾਣੂੰ? ਐਦਾਂ ਮੂੰਹ ਬਣਾਇਆ, ਕੁਝ ਨਹੀਂ ਬੇਬੇ ਆਹ ਗੋਗੀ ਦੀ ਸੁਣ ਲਓ, ਹਰ ਰੋਜ਼ ਜੀਤੂ ਬੱਕਰੀਆਂ ਵਾਲ਼ੇ ਦੀਆਂ ਅੰਬੀਆਂ ਤੋੜ ਲੈਂਦਾ ਤੇ ਅੱਜ ਮੈਨੂੰ ਵੀ ਆਂਦਾ ਸੀ, ਕਿ ਆ ਚੱਲੀਏ, ਮੈਂ ਉਹਨੂੰ ਕਿਹਾ ਕਿ ਨਹੀਂ ਭਰਾਵਾ, ਚੋਰੀ ਕਰਨਾ ਪਾਪ ਹੈ। ਇਹ ਮੈਂ ਨਹੀਂ ਮੇਰੀ ਬੇਬੇ ਆਂਦੀ ਐ, ਤੇ ਗੋਗੀ ਕਹਿੰਦਾ ਤੇਰੀ ਬੇਬੇ ਯੱਬਲੀਆਂ ਮਾਰਦੀ ਐ। ਮੈਂ ਕਿਹਾ ਕਿ ਨਹੀਂ, ਮੇਰੀ ਬੇਬੇ ਦੀਆਂ ਗੱਲਾਂ ਬੜੀਆਂ ਸੁਹਣੀਆਂ ਤੇ ਸੁਚੱਜੀਆਂ ਹੁੰਦੀਐਂ। ਅੱਛਾ ਪੁੱਤ! ਫੇਰ ਤੇਰਾ ਦਿਲ ਨਹੀਂ ਕੀਤਾ ਅੰਬੀਆਂ ਖਾਣ ਨੂੰ? ਨਹੀਂ ਮਾਂ ਦਿਲ ਤਾਂ ਕਰਦਾ ਸੀ, ਪਰ ਤੇਰੀ ਸਿੱਖਿਆ ਮੈਨੂੰ ਵਾਰ-ਵਾਰ ਚੇਤੇ ਆਉਂਦੀ ਸੀ। ਪੁੱਤ ਕਿਹੜੀ ਸਿੱਖਿਆ? ਆ ਬੇਬੇ ਤੂੰ ਕਹਿੰਦੀ ਸੀ ਨਾ ਕਿ ਚੋਰੀ ਕੱਖ ਦੀ ਮਾੜੀ ਤੇ ਚੋਰੀ ਲੱਖ ਦੀ ਵੀ ਮਾੜੀ। ਤੇ ਬੇਬੇ ਨੇ ਘੁੱਟ ਕੇ ਰਾਣੂੰ ਨੂੰ ਗਲਵੱਕੜੀ ਦੇ ਵਿੱਚ ਲੈ ਲਿਆ ਅਤੇ ਬੋਝੇ ਚੋਂ ਕੱਢ ਕੇ ਦੋ ਅੰਬੀਆਂ ਫੜਾ ਦਿੱਤੀਆਂ ਕੇ ਲੈ ਮੇਰਾ ਪੁੱਤ ਇਹਨਾਂ ਨੂੰ ਖਾਹ ਤੇ ਰਾਣੂੰ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।



# ਚਿੜੀਆਂ

ਚਿੜੀਆਂ ਚੀਂ-ਚੀਂ ਕਰਦੀਆਂ,
ਸੀ ਰੌਣਕ ਲੱਗਦੀ।
ਪਹੁ ਫੁੱਟਣ ਤੇ ਚਿੜੀ ਚੂਕਦੀ,
ਕਿੰਨਾਂ ਸੀ ਫੱਬਦੀ।

ਉੱਠ ਹਾਲੀ ਤੇ ਪਾਲੀਆਂ,
ਨੇ ਖੇਤੀ ਜਾਣਾ।
ਇਹ ਸਭ ਦੀ ਸੁੱਖ ਮਨਾਉਂਦੀਆਂ,
ਚੁਗ ਦਾਣਾ-ਦਾਣਾ।

ਕੋਮਲ ਨਰਮ ਸੁਭਾਅ ਦੀਆਂ,
ਵਿੱਚ ਕੁਦਰਤ ਵਸਣ।
ਰਹਿਣਾ ਨਾਲ਼ ਪਿਆਰ ਦੇ,
ਇਹ ਸਭ ਨੂੰ ਦੱਸਣ।

ਅੱਜ ਕਿੱਥੇ ਨੇ ਉਹ ਉੱਡੀਆਂ,
ਹੋ ਗਈਆ ਪਰਾਈਆਂ।
ਸਾਡੇ ਨਾਲ਼ ਨੇ ਰੁੱਸੀਆਂ,
ਮੁੜ ਕੇ ਨੀਂ ਆਈਆਂ।

ਉੱਚੇ ਟਾਵਰ ਤੇ ਕੋਠੀਆਂ,
ਅਸੀਂ ਰੁੱਖ਼ ਵੀ ਵੱਢੇ।
ਰੈਣ ਬਸੇਰੇ ਇਹਨਾਂ ਦੇ,
ਅਸੀਂ ਕਿੱਥੇ ਛੱਡੇ।

ਰੇਅ ਸਪਰੇਆਂ ਫ਼ੈਕਟਰੀਆਂ,
ਹਰ ਪਾਸੇ ਜ਼ਹਿਰਾਂ।
ਵਾਤਾਵਰਨ ਖ਼ਰਾਬ ਹੋਇਆ,
ਪਿੰਡਾਂ ਤੇ ਸ਼ਹਿਰਾਂ।

ਸਭ ਪੰਛੀ ਇੱਥੋਂ ਚਲੇ ਗਏ,
ਕੁਦਰਤ ਵੀ ਗੁੱਸੇ।
ਲੱਭ ਤਰੀਕਾ, ਪੱਤੋ, ਕੋਈ,
ਮਨਾ ਲਈਏ ਰੁੱਸੇ।



ਹਰਪ੍ਰੀਤ ਪੱਤੋਂ
94658-21417

# ਰੁੱਖ਼ਾਂ ਦੀ ਸੰਭਾਲ਼

"ਕੁਝ ਰੁੱਖ਼ ਮੇਰੇ ਭੈਣ ਭਰਾ ਨੇ,
ਕੁਝ ਰੁੱਖ਼ ਮੇਰੇ ਮਾਪੇ।
ਕੁਝ ਰੁੱਖ਼ ਮੇਰੇ ਬੱਚਿਆਂ ਵਰਗੇ,
ਰੱਬ ਦੇ ਵਾਂਗੂੰ ਜਾਪੇ।"

ਰੁੱਖ਼ ਤਾਂ ਸਾਡੇ ਸੱਚੇ ਮਿੱਤਰ,
ਦੁੱਖ-ਸੁੱਖ ਨਾਲ਼ੇ ਸਹਿੰਦੇ।
ਠੰਡੀਆਂ-ਮਿੱਠੀਆਂ ਵੰਡਣ ਛਾਵਾਂ,
ਵਾਂਗ ਸਿਆਣਿਆਂ ਰਹਿੰਦੇ।


ਦਿੰਦੇ ਸਭ ਕੁਝ, ਕੁਝ ਨਾ ਲੈਂਦੇ,
ਧਰਤੀ ਰੱਖਣ ਬਚਾ ਕੇ।
ਖ਼ੁਰਨ ਨਾ ਦਿੰਦੇ ਮਿੱਟੀ ਏਹੇ,
ਨਾਲ਼ ਆਪਣੇ ਲਾ ਕੇ।

ਛਾਂਵੇਂ ਬੈਠ ਭਾਵੇਂ ਕੱਟੀਏ,
ਤਾਂ ਵੀ ਕੁਝ ਨਾ ਕਹਿੰਦੇ।
ਵੱਢਣ ਵਾਲ਼ੇ ਨੂੰ ਪਾਰ ਲੰਘਾਉਂਦੇ,
ਵਿੱਚ ਦਰਿਆਵੀ ਵਹਿੰਦੇ।

ਅਸੀਂ ਸੰਭਾਲ਼ੀਏ ਅਨਮੋਲ ਖ਼ਜ਼ਾਨਾ,
ਜੋ ਸਾਡੇ ਹੱਥ ਆਇਆ।
ਮੁਫ਼ਤ ਵਿੱਚ ਨਾ ਗਵਾਈਏ
ਕੁਝ ਨਾ ਬਣਨਾ, ਫਿਰ ਪਛਤਾਇਆ।

ਕਦਰ ਅਸੀ ਰੁੱਖ਼ਾਂ ਦੀ ਕਰੀਏ,
ਕੁਦਰਤ ਖ਼ੁਸ਼ੀਆਂ ਦੇਵੇ।
ਜੇ ਆਪਣੇ ਹੱਥੀਂ ਆਪ ਕੱਟਾਂਗੇ,
ਕਿਥੋਂ ਮਿਲਣਗੇ ਮੇਵੇ।

ਜਨਮ-ਮਰਨ ਦੇ ਸਾਂਝੀ ਸਾਡੇ,
ਦੇਵ ਲੋਕ ਨੇ ਆਏ।
ਹਰਪ੍ਰੀਤ ਪੱਤੋਂ ਆਖੇ ਸਭ ਨੂੰ,
ਨਾ ਕੱਟ ਕੇ ਕਰੋ ਪਰਾਏ।



ਪ੍ਰਿੰ.ਵਿਜੈ ਕੁਮਾਰ
98726-27136


# ਮਗਰਮੱਛ ਦੀ ਮੂਰਖ਼ਤਾ

ਇਹ ਬਾਲ ਕਹਾਣੀ ਭਾਵੇਂ ਮਗਰਮੱਛ ਦੀ ਮੂਰਖ਼ਤਾ ਦੀ ਹੈ, ਪਰ ਇਹ ਇਨਸਾਨਾਂ ਨੂੰ ਵੀ ਇਹ ਸਮਝਾਉਂਦੀ ਹੈ ਕਿ ਮਨੁੱਖ ਹੋਣ ਜਾਂ ਜਾਨਵਰ ਹਰ ਇੱਕ ਦੀ ਜ਼ਿੰਦਗੀ ਇੱਕ ਦੂਜੇ ਉੱਤੇ ਨਿਰਭਰ ਕਰਦੀ ਹੈ। ਇਹ ਬਾਲ ਕਹਾਣੀ ਇੱਕ ਹੰਕਾਰੀ ਮਗਰਮੱਛ ਦੀ ਹੈ। ਪੁਰਾਣੇ ਸਮੇਂ ਦੀ ਗੱਲ ਹੈ ਕਿ ਇੱਕ ਜੰਗਲ ਵਿੱਚ ਕੇਵਲ ਰੀਂਗਣ ਵਾਲ਼ੇ ਜਾਨਵਰ ਹੀ ਰਹਿੰਦੇ ਸਨ। ਜਿਸ ਦਿਨ ਮਗਰਮੱਛ ਨੂੰ ਰੀਂਗਣ ਵਾਲ਼ੇ ਜਾਨਵਰਾਂ ਨੇ ਆਪਣਾ ਰਾਜਾ ਚੁਣਿਆ, ਉਸ ਦਿਨ ਕੁਝ ਸਿਆਣੇ ਜਾਨਵਰਾਂ ਨੇ ਦੱਬੀ ਆਵਾਜ ਵਿੱਚ ਉਸਦੇ ਰਾਜਾ ਬਣਨ ਦਾ ਵਿਰੋਧ ਕੀਤਾ, ਪਰ ਆਪਣੀ ਗਿਣਤੀ ਘੱਟ ਵੇਖਕੇ ਅਤੇ ਬੁਰਾ ਨਾ ਬਣਨ ਦੀ ਸੋਚਕੇ ਉਨ੍ਹਾਂ ਨੇ ਚੁੱਪ ਰਹਿਣ ਵਿੱਚ ਹੀ ਬਿਹਤਰੀ ਸਮਝੀ। ਮਗਰਮੱਛ ਹਰ ਮਹੀਨੇ ਬਾਅਦ ਜਾਨਵਰਾਂ ਦੀ ਸਭਾ ਬੁਲਾਉਂਦਾ ਸੀ।

ਇੱਕ ਦਿਨ ਸਭਾ ਵਿੱਚ ਆਉਂਦਿਆਂ ਹੀ ਮਗਰਮੱਛ ਨੇ ਗੁੱਸੇ ਨਾਲ਼ ਭਰੇ ਲਾਲ ਸੂਹੇ ਚਿਹਰੇ ਨਾਲ਼ ਕਿਹਾ, ਸਾਥੀਓ! ਮੇਰੇ ਕੁਝ ਸਾਥੀਆਂ ਨੇ ਇਹ ਸੁਝਾਅ ਦਿੱਤਾ ਹੈ ਕਿ ਕਛੂਕੁੰਮਿਆਂ ਨੂੰ ਜੰਗਾਲ ਤੋਂ ਬਾਹਰ ਕੱਢ ਦਿੱਤਾ ਜਾਵੇ। ਇਨ੍ਹਾਂ ਦੀ ਚਾਲ ਬਹੁਤ ਹੀ ਹੌਲ਼ੀ ਹੈ। ਇਹ ਬਹੁਤ ਭੱਦੇ ਲੱਗਦੇ ਹਨ।

ਜੰਗਲ ਦੇ ਕਿਸੇ ਵੀ ਜਾਨਵਰ ਦੀ ਕੀ ਹਿੰਮਤ ਸੀ ਕਿ ਮਗਰਮੱਛ ਦੇ ਫ਼ੈਸਲੇ ਦੀ ਵਿਰੋਧਤਾ ਕਰਦਾ, ਪਰ ਇੱਕ ਬੁੱਢੇ ਕੱਛੂਕੁੰਮੇ ਨੇ ਕਿਹਾ, ਇਹ ਕਿਵੇਂ ਹੋ ਸਕਦਾ ਹੈ? ਮਗਰਮੱਛ ਦਾ ਗੁੱਸਾ ਹੋਰ ਵੱਧ ਗਿਆ। ਉਹ ਬੋਲਿਆ, ਕਿਵੇਂ ਦਾ ਕੀ ਮਤਲਬ ਹੋਇਆ? ਤੁਹਾਨੂੰ ਜੰਗਲ ਛੱਡਣ ਲਈ ਇੱਕ ਹਫ਼ਤੇ ਦਾ ਸਮਾਂ ਦਿੱਤਾ ਜਾਂਦਾ ਹੈ, ਕਿਉਂਕਿ ਤੁਸੀਂ ਹੌਲ਼ੀ ਚਲਦੇ ਹੋ। ਸਾਰੇ ਕੱਛੂਕੁੰਮੇ ਜੰਗਲ ਛੱਡ ਗਏ। ਸਾਰੇ ਕਛੂਕੁੰਮਿਆਂ ਦੇ ਚਲੇ ਜਾਣ ਤੋਂ ਬਾਅਦ ਮਗਰਮੱਛ ਨੇ ਕਿਹਾ, ਸਾਥੀਓ, ਹੁਣ ਤੁਹਾਨੂੰ ਖ਼ੁਸ਼ ਹੋਣਾ ਚਾਹੀਦਾ ਹੈ, ਕਿਉਂਕਿ ਕਛੂਕੁੰਮਿਆਂ ਦੇ ਜਾਣ ਤੋਂ ਬਾਅਦ ਹੁਣ ਤੁਹਾਡੇ ਰਹਿਣ ਲਈ ਵੱਧ ਥਾਂ ਹੋਵੇਗੀ। ਖਾਣ ਲਈ ਵੱਧ ਮਿਲੇਗਾ। ਮਗਰਮੱਛ ਦੀ ਗੱਲ ਸੁਣਕੇ ਮੂਰਖ਼ ਜਾਨਵਰ ਖ਼ੁਸ਼ ਹੋ ਗਏ।

ਉਸਤੋਂ ਬਾਅਦ ਉਸਨੇ ਕਿਰਲੀਆਂ ਨੂੰ ਇਹ ਕਹਿ ਕੇ ਜੰਗਲ ਤੋਂ ਬਾਹਰ ਜਾਣ ਲਈ ਕਿਹਾ ਕਿ ਉਨ੍ਹਾਂ ਦਾ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਰੰਗ ਬਦਲਦੀਆਂ ਰਹਿੰਦੀਆਂ ਹਨ ਤੇ ਨੱਕ ਸਕੋੜਦੀਆਂ ਰਹਿੰਦੀਆਂ ਹਨ। ਥੋੜ੍ਹੇ ਵਿਰੋਧ ਤੋਂ ਬਾਅਦ ਕਿਰਲੀਆਂ



ਨੂੰ ਵੀ ਜੰਗਲ ਤੋਂ ਬਾਹਰ ਕੱਢ ਦਿੱਤਾ ਗਿਆ। ਇਸੇ ਤਰ੍ਹਾਂ ਸੱਪਾਂ ਦਾ ਕੋਈ ਨੁਕਸ ਕੱਢ ਕੇ ਉਨ੍ਹਾਂ ਨੂੰ ਵੀ ਜੰਗਲ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ, ਪਰ ਕੁਝ ਸਮੇਂ ਬਾਅਦ ਹੀ ਜੰਗਲ ਵਿੱਚ ਅਜੀਬ ਘਟਨਾਵਾਂ ਘਟਣ ਲੱਗ ਪਈਆਂ। ਕੀੜਿਆਂ ਦੀ ਗਿਣਤੀ ਲੱਖਾਂ ਵਿੱਚ ਹੋ ਗਈ। ਉਹ ਭਿਆਨਕ ਰੂਪ ਧਾਰਨ ਕਰਨ ਲੱਗ ਪਏ। ਉਨ੍ਹਾਂ ਨੇ ਮਗਰਮੱਛਾਂ ਦੇ ਬੱਚਿਆਂ ਨੂੰ ਖਾਣਾ ਸ਼ੁਰੂ ਕਰ ਦਿੱਤਾ। ਚੂਹਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ। ਉਨ੍ਹਾਂ ਦਾ ਹੌਸਲਾ ਬਹੁਤ ਵੱਧ ਗਿਆ। ਉਹ ਮਗਰਮੱਛਾਂ ਦੀਆਂ ਪਿੱਠਾਂ ਉੱਤੇ ਘੁੰਮਣ ਲੱਗ ਪਏ। ਉਹ ਬਹੁਤ ਮੋਟੇ ਹੋ ਗਏ। ਜੰਗਲ ਵਿੱਚ ਸੜੇ ਗਲ਼ੇ ਫ਼ਲ ਥਾਂ-ਥਾਂ 'ਤੇ ਖਿੱਲਰੇ ਨਜ਼ਰ ਆਉਣ ਲੱਗੇ। ਜੰਗਲ ਵਿੱਚੋਂ ਬਦਬੂ ਆਉਣ ਲੱਗੀ। ਇੱਕ ਦਿਨ ਜੰਗਲ ਦੇ ਜਾਨਵਰਾਂ ਦੀ ਸਭਾ ਹੋ ਰਹੀ ਸੀ। ਜੰਗਲ ਵਿੱਚੋਂ ਇੱਕ ਤਿੱਖੀ ਜਿਹੀ ਅਵਾਜ਼ ਆਈ। ਮਗਰਮੱਛ, ਹੁਣ ਵੀ ਸੰਭਲ਼ ਜਾਓ, ਤੁਹਾਡੇ ਗ਼ਲਤ ਫ਼ੈਸਲੇ ਅਤੇ ਹੰਕਾਰ ਨੇ ਤੁਹਾਡੇ ਲਈ ਮੁਸੀਬਤਾਂ ਖੜ੍ਹੀਆਂ ਕਰ ਦਿੱਤੀਆਂ ਹਨ। ਜੇਕਰ ਆਪਣਾ ਭਲਾ ਚਾਹੁੰਦੇ ਹੋ ਤਾਂ ਆਪਣਾ ਫ਼ੈਸਲਾ ਬਦਲਕੇ ਜੰਗਲ ਛੱਡਕੇ ਗਏ ਜਾਨਵਰਾਂ ਨੂੰ ਵਾਪਸ ਬੁਲਾ ਲਓ।

ਮਗਰਮੱਛ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਪਰ ਉਸਨੇ ਅਪਣੀ ਹਦਕ ਸਮਝਕੇ ਨਿੰਮੋਝੂਣਾ ਜਿਹਾ ਹੋਕੇ ਕਿਹਾ, ਠੀਕ ਹੈ, ਕੋਈ ਗੱਲ ਨਹੀਂ, ਜੰਗਲ ਛੱਡਕੇ ਗਏ ਜਾਨਵਰਾਂ ਨੂੰ ਬੁਲਾ ਲਓ। ਕੁਝ ਦਿਨਾਂ ਬਾਅਦ ਜੰਗਲ ਛੱਡਕੇ ਗਏ ਜਾਨਵਰ ਮੁੜ ਆਏ। ਜੰਗਲ ਦੀ ਖ਼ੁਸ਼ਹਾਲੀ ਪਹਿਲਾਂ ਵਾਂਗ ਮੁੜ ਆਈ।

ਬੂਟਾ ਗ਼ੁਲਾਮੀ ਵਾਲ਼ਾ
94171-97395



# ਸਰਕਾਰੀ ਸਕੂਲ ਬੋਲਦਾ ਹਾਂ

ਆਓ ਬੱਚਿਓ, ਰਲ਼ਮਿਲ ਆਓ
ਮੇਰੇ ਘਰ ਵਿੱਚ, ਰੌਣਕ ਲਾਓ
ਸਭ ਬੋਲੀਆਂ, ਸਿੱਖ ਕੇ ਜਾਓ
ਮਾਂ ਬੋਲੀ ਦੀ, ਸ਼ਾਨ ਵਧਾਓ
ਬੜਾ ਉਦਾਸ ਸੀ ਬੈਠਾ, ਦਿਲ ਦੇ ਭੇਤ ਖੋਲ੍ਹਦਾ ਹਾਂ
ਆਓ ਪੜ੍ਹੋ ਪੰਜਾਬੀ, ਸਰਕਾਰੀ ਸਕੂਲ ਬੋਲਦਾ ਹਾ।

ਪੜ੍ਹ-ਲਿਖ ਕੇ, ਵਿਦਵਾਨ ਬਣੋਂਗੇ
ਆਪਣੇ ਪਿੰਡ ਦੀ, ਸ਼ਾਨ ਬਣੋਂਗੇ
ਤੁਹਾਡੇ ਕੋਲ਼, ਗਿਆਨ ਹੋਏਗਾ
ਮੈਨੂੰ ਵੀ ਫਿਰ, ਮਾਣ ਹੋਏਗਾ
ਤੁਹਾਡੇ ਬਿਨ ਮੈਂ ਹਾਂ ਅਧੂਰਾ, ਤੁਹਾਡਾ ਸਾਥ ਟੋਲਦਾ ਹਾਂ
ਆਓ ਪੜ੍ਹੋ ਪੰਜਾਬੀ, ਸਰਕਾਰੀ ਸਕੂਲ ਬੋਲਦਾ ਹਾਂ।

ਮੁਫ਼ਤ ਕਿਤਾਬਾਂ, ਮੁਫ਼ਤ ਪੜ੍ਹਾਈ
ਮਿਲਦੀ ਵਰਦੀ, ਨਾਲ਼ ਸਲਾਈ
ਮਿਡ ਡੇ ਮੀਲ ਵੀ, ਨਾਲ਼ ਮਿਲੇਗਾ
ਵਜ਼ੀਫ਼ਾ ਵੀ, ਹਰ ਸਾਲ ਮਿਲੇਗਾ
ਤੁਹਾਡੇ ਲਈ ਮੈ ਬੱਚਿਓ ਸਦਾ, ਬਾਹਵਾਂ ਖੋਲ੍ਹਦਾ ਹਾਂ
ਆਓ ਪੜ੍ਹੋ ਪੰਜਾਬੀ, ਸਰਕਾਰੀ ਸਕੂਲ ਬੋਲਦਾ ਹਾਂ।

ਸਿੱਖਣ ਲਈ, ਮੇਰੇ ਘਰ ਆਓ
ਸੇਵਾ ਦੇ ਲਈ, ਘਰ ਨੂੰ ਜਾਓ
ਮੇਰੇ ਵਿਹੜੇ, ਰੌਣਕ ਲਾ ਕੇ
ਅਧਿਆਪਕਾਂ ਦਾ, ਮਾਣ ਵਧਾਓ
ਗ਼ੁਲਾਮੀ ਵਾਲ਼ੇ ਦੀ ਮੈਂ ਬਣ ਕੇ, ਕਲਮ ਬੋਲਦਾ ਹਾਂ
ਆਓ ਪੜ੍ਹੋ ਪੰਜਾਬੀ, ਸਰਕਾਰੀ ਸਕੂਲ ਬੋਲਦਾ ਹਾਂ।



ਪਵਿੱਤਰ ਸਿੰਘ ਕੁੰਮਪੁਰ
98721-61405

# ਨਿੱਕਾ ਜਿਹਾ ਰੂਬਨ

ਸਾਡੇ ਘਰ ਇੱਕ ਬੇਬੀ ਆਇਆ,
ਰੂਬਨ ਰੱਖਿਆ ਨਾਂ।
ਉਹ ਆਇਆ ਤਾਂ ਲੱਡੂ ਵੰਡੇ,
ਪੂਰੇ ਵਿੱਚ ਗਰਾਂ।
ਉਸ ਮਾਲਕ ਦੀ ਰਹਿਮਤ ਹੋਈ,
ਮੈਂ ਬਲਿਹਾਰੇ ਜਾਂ।
ਸਾਡੇ ਘਰ ਇੱਕ ਬੇਬੀ ਆਇਆ,
ਰੂਬਨ ਰੱਖਿਆ ਨਾਂ।

ਗੋਲ਼-ਮਟੋਲ ਤੇ ਹੱਸਮੁਖ ਚਿਹਰਾ,
ਪਿਆਰਾ-ਪਿਆਰਾ ਲੱਗੇ,
ਇਕੱਲਾ ਇਕੱਲਾ ਜੀਅ ਹੈ ਫਿਰਦਾ,
ਉਸ ਦੇ ਪਿੱਛੇ ਅੱਗੇ।
ਗੋਦੀ ਦੇ ਵਿੱਚ ਲੈ ਕੇ ਪਿਆਵੇ,
ਦੁੱਧੂ ਉਸ ਦੀ ਮਾਂ।
ਸਾਡੇ ਘਰ ਇੱਕ ਬੇਬੀ ਆਇਆ,
ਰੂਬਨ ਰੱਖਿਆ ਨਾਂ।

ਉਹ ਆਇਆ ਤਾਂ ਰੌਣਕ ਆਈ
ਘਰ ਵਿੱਚ ਚਾਰ-ਚੁਫ਼ੇਰੇ,
ਹਰ ਕੋਈ ਰੁੱਝਿਆ-ਰੁੱਝਿਆ ਫਿਰਦਾ,
ਦਿਸਦਾ ਸ਼ਾਮ ਸਵੇਰੇ।
ਦਿਨ ਚੜ੍ਹਦਾ ਤੇ ਕਿੱਧਰ ਜਾਂਦਾ,
ਲੰਘਦਾ ਝੱਟ ਸਮਾਂ।
ਸਾਡੇ ਘਰ ਇੱਕ ਬੇਬੀ ਆਇਆ,
ਰੂਬਨ ਰੱਖਿਆ ਨਾਂ।

ਮਾਲਸ਼ ਕਰਕੇ, ਦਾਦੀ ਉਸ ਦੀ,
ਉਸ ਨੂੰ ਰੋਜ ਨੁਹਾਵੇ,
ਖ਼ੂਬ ਸਜਾਉਂਦੀ ਪਾਊਡਰ ਲਾ ਕੇ,
ਸੁਹਣੀ ਸੂਟੀ ਪਾਵੇ।
ਲਾਉਂਦੀ ਕਾਲ਼ਾ ਟਿੱਕਾ ਮੱਥੇ,
ਚੁੱਕਣ ਦਿੰਦੀ ਤਾਂ।
ਸਾਡੇ ਘਰ ਇੱਕ ਬੇਬੀ ਆਇਆ,
ਰੂਬਨ ਰੱਖਿਆ ਨਾਂ।

ਖੇਡਣ ਦੇ ਲਈ ਮੰਜੀ ਉੱਤੇ,
ਜਦ ਕੋਈ ਉਸ ਨੂੰ ਪਾਵੇ।
ਪੈਰ ਮਾਰ ਕੇ ਜੋਰ-ਜੋਰ ਦੀ,
ਪੂਰਾ ਸ਼ੋਰ ਮਚਾਵੇ।
ਦੇਖ ਲਵੇ ਜੇ ਬੋਲ ਰਿਹਾ ਕੋਈ,
ਬੈਠ ਬਨੇਰੇ ਕਾਂ।
ਸਾਡੇ ਘਰ ਇੱਕ ਬੇਬੀ ਆਇਆ,
ਰੂਬਨ ਰੱਖਿਆ ਨਾਂ

ਸ਼ੀ-ਸ਼ੀ ਕਹੋ ਤਾਂ ਸ਼ੁਸ਼ੂ ਕਰਦਾ,
ਲੱਗੇ ਬੜਾ ਸਿਆਣਾ।
ਸਭਨਾ ਦਾ ਉਹ ਚਿਹਰਾ ਤੱਕੇ,
ਕਰਦਾ ਜਿਵੇਂ ਪਛਾਣਾਂ।
ਰੋ ਕੇ ਸ਼ੋਰ ਮਚਾਉਂਦਾ ਜੇਕਰ,
ਗਿੱਲੀ ਹੋ ਜਾਏ ਥਾਂ।
ਸਾਡੇ ਘਰ ਇੱਕ ਬੇਬੀ ਆਇਆ,
ਰੂਬਨ ਰੱਖਿਆ ਨਾਂ।

ਮੂਲ ਤੋਂ ਵਿਆਜ਼ ਪਿਆਰਾ ਹੁੰਦਾ,
ਸੱਚ ਸਿਆਣੇ ਕਹਿੰਦੇ,
'ਕੁੰਮਪੁਰ' ਮੰਗਣ ਨਿੱਤ ਦੁਆਵਾਂ,
ਉਹ ਤਾਂ ਉੱਠਦੇ ਬਹਿੰਦੇ।
ਬੱਚਿਆਂ ਦੇ ਲਈ ਦਾਦਾ-ਦਾਦੀ,
ਚਾਹੁੰਦੇ ਠੰਢੜੀ ਛਾਂ।
ਸਾਡੇ ਘਰ ਇੱਕ ਬੇਬੀ ਆਇਆ,
ਰੂਬਨ ਰੱਖਿਆ ਨਾਂ।

ਮੂਲ: ਸੁਧਾ ਦੂਬੇ
ਅਨੁ: ਪ੍ਰੋ.ਨਵ ਸੰਗੀਤ ਸਿੰਘ



# ਮਿੱਟੀ ਦੇ ਲੱਡੂ

ਸਕੂਲ ਵਿੱਚ ਛੁੱਟੀਆਂ ਹੋ ਗਈਆਂ ਸਨ ਅਤੇ ਸਿਧਾਰਥ ਘਰ ਵਿੱਚ ਬਹੁਤ ਪ੍ਰੇਸ਼ਾਨ ਹੋ ਰਿਹਾ ਸੀ। ਕਦੇ ਉਹ ਟੀ.ਵੀ. ਚਲਾਉਂਦਾ, ਕਦੇ ਆਪਣੀਆਂ ਕਹਾਣੀਆਂ ਕਵਿਤਾਵਾਂ ਦੀਆਂ ਕਿਤਾਬਾਂ ਵੇਖਣ ਲੱਗਦਾ, ਫਿਰ ਸ਼ਤਰੰਜ ਅਤੇ ਲੁਡੋ ਲੈ ਕੇ ਬਹਿ ਜਾਂਦਾ, ਪਰ ਇਕੱਲਿਆਂ ਉਹਦਾ ਖੇਡਣ ਵਿੱਚ ਜੀਅ ਨਹੀਂ ਸੀ ਲੱਗ ਰਿਹਾ। ਉਹ ਸਾਰੀਆਂ ਚੀਜ਼ਾਂ ਉੱਥੇ ਹੀ ਸੁੱਟ ਕੇ ਮੰਮੀ ਕੋਲ਼ ਕਿਚਨ ਵਿੱਚ ਗਿਆ। ਉਹਨੇ ਵੇਖਿਆ ਮੰਮੀ ਲੱਡੂ ਬਣਾ ਰਹੀ ਸੀ।

ਸਿਧਾਰਥ ਨੇ ਪੁੱਛਿਆ, ''ਮੰਮੀ, ਤੁਸੀਂ ਕਾਹਦੇ ਲੱਡੂ ਬਣਾ ਰਹੇ ਹੋ?''

''ਬੇਟਾ, ਮੈਂ ਵੇਸਣ ਦੇ ਲੱਡੂ ਬਣਾ ਰਹੀ ਹਾਂ। ਆਪਾਂ ਐਤਵਾਰ ਨੂੰ ਦਾਦੀ ਕੋਲ਼ ਪਿੰਡ ਜਾਣਾ ਹੈ ਨਾ!''

''ਮੰਮੀ, ਮੈਂ ਵੀ ਤੁਹਾਡੇ ਨਾਲ਼ ਲੱਡੂ ਬਣਾਉਂਦਾ ਹਾਂ।''

''ਨਹੀਂ, ਨਹੀਂ ਬੇਟਾ, ਤੂੰ ਖ਼ਰਾਬ ਕਰ ਦੇਵੇਂਗਾ। ਮੈਂ ਬਣਾ ਲਵਾਂਗੀ।''

''ਪਰ ਮੈਂ ਕੀ ਕਰਾਂ, ਮੈਂ ਬੈਠਾ-ਬੈਠਾ ਬੋਰ ਹੋ ਰਿਹਾ ਹਾਂ।'' ਸਿਧਾਰਥ ਪੈਰ ਮਾਰਦਾ ਹੋਇਆ ਬੋਲਿਆ।

''ਅੱਛਾ, ਤਾਂ ਇਉਂ ਕਰ। ਮੈਂ ਤੈਨੂੰ ਛੱਤ ਤੇ ਬੀਜ ਸੁਕਾਉਣ ਲਈ ਦਿੱਤੇ ਸਨ, ਉਹ ਲੈ ਆ ਅਤੇ ਬਗ਼ੀਚੇ ਵਿੱਚ ਜੋ ਮਿੱਟੀ ਪਈ ਹੈ, ਉਸ ਨਾਲ਼ ਮੈਂ ਤੈਨੂੰ ਮਿੱਟੀ ਦੇ ਲੱਡੂ ਬੀਜ ਪਾ ਕੇ ਬਣਾਉਣਾ ਸਿਖਾਉਂਦੀ ਹਾਂ।''

''ਆਹਾ, ਕਿਆ ਬਾਤ ਹੈ ਮੰਮੀ, ਮਿੱਟੀ ਦੇ ਲੱਡੂ!''

''ਹਾਂ ਬੇਟਾ! ਫਿਰ ਤੂੰ ਉਨ੍ਹਾਂ ਨੂੰ ਦਾਦੀ ਦੇ ਪਿੰਡ ਖੇਤਾਂ ਵਿੱਚ ਜਾ ਕੇ ਲਾ ਦੇਵੀਂ।''

ਸਿਧਾਰਥ ਨੇ ਮਾਂ ਦੇ ਸਿਖਾਉਣ ਤੇ ਆਪਣੀ ਛੋਟੀ ਭੈਣ ਸ਼ਿਬੀ ਨਾਲ਼ ਮਿਲ ਕੇ ਬਹੁਤ ਸਾਰੇ ਮਿੱਟੀ ਦੇ ਲੱਡੂ ਬੀਜ ਪਾ ਕੇ ਬਣਾਏ। ਉਸ ਵਿੱਚ ਉਹਨੇ ਅਮਰੂਦ, ਸੀਤਾਫ਼ਲ, ਔਲ਼ਾ ਅਤੇ ਜਾਮਣ ਦੀਆਂ ਗਿਟਕਾਂ ਜੋ ਉਹਨੇ ਸੁਕਾ ਕੇ ਰੱਖੀਆਂ ਸਨ, ਉਹ ਪਾ ਕੇ ਬਹੁਤ ਸਾਰੇ ਲੱਡੂ ਬਣਾ ਲਏ।

ਸ਼ਿਬੀ ਨੇ ਪੁੱਛਿਆ, ''ਕੀ ਵੀਰੇ, ਤੂੰ ਆਹ ਐਨੇ ਸਾਰੇ ਮਿੱਟੀ ਦੇ ਲੱਡੂ ਕਿਉਂ ਬਣਾ ਰਿਹਾ ਹੈਂ? ਇਨ੍ਹਾਂ ਦਾ

ਕੀ ਕਰੇਂਗਾ ਤੂੰ?''

''ਮੈਂ ਇਹ ਸਭ ਦਾਦੀ ਦੇ ਪਿੰਡ ਲੈ ਕੇ ਜਾਵਾਂਗਾ।''

''ਅੱਛਾ, ਦਾਦੀ ਕੀ ਹੁਣ ਮਿੱਟੀ ਦੇ ਲੱਡੂ ਖਾਵੇਗੀ?'' ਅਤੇ ਉਹ ਜ਼ੋਰ-ਜ਼ੋਰ ਨਾਲ਼ ਹੱਸਣ ਲੱਗੀ।

''ਹੱਟ ਪਾਗ਼ਲ... ਮੈਂ ਇਹ ਸਭ ਪਿੰਡ ਜਾ ਕੇ ਦੱਸਾਂਗਾ।''

ਐਤਵਾਰ ਨੂੰ ਸਿਧਾਰਥ, ਉਹਦੇ ਮੰਮੀ ਪਾਪਾ ਅਤੇ ਭੈਣ ਸ਼ਿਬੀ ਪਿੰਡ ਜਾਣ ਨੂੰ ਤਿਆਰ ਹੋਣ ਲੱਗੇ। ਮੰਮੀ ਨੇ ਸਾਰਿਆਂ ਨੂੰ ਆਪੋ ਆਪਣਾ ਸਮਾਨ ਚੁੱਕਣ ਨੂੰ ਕਿਹਾ।



ਸਿਧਾਰਥ ਨੇ ਯਾਦ ਕਰਕੇ ਆਪਣਾ ਸੀਡ ਬਾਲ (ਮਿੱਟੀ ਦੇ ਲੱਡੂ) ਵਾਲ਼ਾ ਬੈਗ ਆਪਣੇ ਮੋਢੇ ਤੇ ਟੰਗ ਲਿਆ।

ਦਾਦੀ ਦੇ ਘਰ ਪਹੁੰਚ ਕੇ ਸਿਧਾਰਥ ਨੇ ਆਪਣਾ ਭਾਰੀ ਬੈਗ ਇੱਕ ਕੋਨੇ ਵਿੱਚ ਰੱਖਿਆ। ਭਾਰੀ ਬੋਝ ਹੋਣ ਕਰਕੇ ਉਹਦੇ ਮੋਢੇ ਦੁਖਣ ਲੱਗ ਪਏ ਸਨ। ਉਹਨੇ ਮੋਢੇ ਨੂੰ ਮਲਿਆ ਅਤੇ ਸਾਰੇ ਵੱਡਿਆਂ ਦੇ ਪੈਰੀਂ ਹੱਥ ਲਾਏ।

ਦਾਦੀ ਨੇ ਜਦੋਂ ਇੰਨਾਂ ਵੱਡਾ ਬੈਗ ਵੇਖਿਆ ਤਾਂ ਪੁੱਛਿਆ, ''ਸਿੱਧੂ, ਇਸ ਵਿੱਚ ਕੀ ਹੈ?''

ਮੰਮੀ ਹੱਸ ਕੇ ਬੋਲੀ, ''ਇਸ ਵਿੱਚ ਤੁਹਾਡੇ ਲਈ ਲੱਡੂ ਲੈ ਕੇ ਆਇਆ ਹੈ।''

''ਅੱਛਾ, ਵਿਖਾ ਤਾਂ ਜ਼ਰਾ!''

ਸਿਧਾਰਥ ਬੋਲਿਆ, ''ਦਾਦੀ, ਹੁਣੇ ਵਿਖਾਉਂਦਾ ਹਾਂ। ਬੜੇ ਕੰਮ ਦੀ ਚੀਜ਼ ਹੈ!''

ਦਾਦੀ ਨੇ ਸਾਰਿਆਂ ਨੂੰ ਨਿੰਬੂ ਦੀ ਸ਼ਕੰਜਵੀਂ ਪਿਆਈ। ਫਿਰ ਖਾਣਾ ਖਾ ਕੇ ਸਾਰੇ ਗੱਲਾਂ ਬਾਤਾਂ ਕਰਨ ਲੱਗੇ।

ਸਿਧਾਰਥ ਨੇ ਕਿਹਾ, ''ਦਾਦੀ, ਮੈਂ ਕੱਲ੍ਹ ਨੂੰ ਦਾਦਾ ਜੀ ਨਾਲ਼ ਖੇਤ ਜਾਵਾਂਗਾ।''

''ਬੇਟਾ, ਸਾਰੇ ਖੇਤ ਵਾਹੇ ਪਏ ਹਨ, ਰੁੱਖ਼ ਵੀ ਕੋਈ ਨਹੀਂ ਹੈ। ਗਰਮੀ ਵਿੱਚ ਤੂੰ ਉੱਥੇ ਕੀ ਕਰੇਂਗਾ?''

''ਦਾਦੀ, ਮੈਂ ਦੱਸਦਾ ਹਾਂ।'' ਉਹਨੇ ਬੈਗ ਵਿੱਚੋਂ ਮਿੱਟੀ ਦੇ ਲੱਡੂਆਂ ਦਾ ਪੈਕਟ ਕੱਢਿਆ ਅਤੇ ਬੋਲਿਆ, ''ਦਾਦਾ ਦਾਦੀ, ਇਸ ਵਿੱਚ ਸੀਡ ਬਾਲ ਹਨ। ਅਮਰੂਦ, ਪਪੀਤਾ, ਸੀਤਾਫ਼ਲ, ਜਾਮਣ ਇਸ ਮਿੱਟੀ ਵਿੱਚ ਰੱਖ ਕੇ ਮੈਂ ਲੱਡੂ ਬਣਾਏ ਹਨ।''

''ਬੇਟਾ, ਇਨ੍ਹਾਂ ਮਿੱਟੀ ਦੇ ਲੱਡੂਆਂ ਦਾ ਕੀ ਕਰੇਂਗਾ?''

''ਮੈਂ ਰਾਮੂ ਕਾਕਾ ਅਤੇ ਦਾਦਾ ਜੀ ਨਾਲ਼ ਖੇਤ ਜਾਵਾਂਗਾ। ਖੇਤ ਦੇ ਕਿਨਾਰੇ-ਕਿਨਾਰੇ ਇਨ੍ਹਾਂ ਨੂੰ ਬੀਜਾਂਗਾ ਅਤੇ ਇਨ੍ਹਾਂ 'ਚੋਂ ਥੋੜ੍ਹੇ ਦਿਨਾਂ ਬਾਅਦ ਪੌਦੇ ਨਿਕਲ ਆਉਣਗੇ। ਮੈਂ ਰੋਜ਼ ਇਨ੍ਹਾਂ ਨੂੰ ਪਾਣੀ ਵੀ ਪਾਵਾਂਗਾ।''

ਦਾਦਾ ਜੀ ਪਿਆਰ ਨਾਲ਼ ਬੋਲੇ, ''ਸ਼ਾਬਾਸ਼! ਮਿਹਨਤ ਨਾਲ਼ ਸਿਹਤ! ਵਾਹ, ਬਹੁਤ ਅੱਛੇ ਬੇਟੇ!''

ਸਿਧਾਰਥ ਬੋਲਿਆ, ''ਫਿਰ ਅਗਲੇ ਸਾਲ ਸਾਨੂੰ ਰੁੱਖ਼ਾਂ ਦੀ ਛਾਂ ਵੀ ਮਿਲੇਗੀ ਅਤੇ ਸ਼ੁੱਧ ਹਵਾ ਵੀ। ਤੇ ਹਾਂ ਦਾਦਾ ਜੀ, ਕੁਝ ਨੂੰ ਤਾਂ ਫ਼ਲ ਵੀ ਲੱਗਣ ਲੱਗ ਜਾਣਗੇ। ਮੈਨੂੰ ਮਾਸਟਰ ਜੀ ਨੇ ਦੱਸਿਆ ਸੀ ਕਿ ਜਾਮਣ ਦਾ ਪੌਦਾ ਇੱਕ ਸਾਲ ਵਿੱਚ ਫ਼ਲ ਦੇਣ ਲੱਗ ਪੈਂਦਾ ਹੈ।''

ਸਾਰੇ ਮਿਲ ਕੇ ਸਿਧਾਰਥ ਨੂੰ ਪਿਆਰ ਨਾਲ਼ ਵੇਖਦੇ ਹਨ। ਸਿਧਾਰਥ ਦੇ ਪਿਤਾ ਨੇ ਕਿਹਾ, ''ਇਹਨੂੰ ਕਹਿੰਦੇ ਹਨ-ਆਮ ਕੇ ਆਮ, ਗੁਠਲੀਓਂ ਕੇ ਦਾਮ...''

ਕਵਿਤਾ



ਸੰਦੀਪ ਕੌਰ
88476-81633

# ਸਕੂਲ ਨੂੰ ਜਾਵਾਂਗੇ

ਸਾਰੀਆਂ ਕਿਤਾਬਾਂ ਲੈ ਕੇ ਸਕੂਲ ਨੂੰ ਜਾਵਾਂਗੇ,
ਵਾਰੋ-ਵਾਰੀ ਚਾਅ ਨਾਲ਼ ਸਾਰੇ ਪੀਰੀਅਡ ਲਾਵਾਂਗੇ।

ਮਾਂ-ਬੋਲੀ ਪੰਜਾਬੀ ਦੀ ਜਦ ਕਲਾਸ ਲਗਾਉਣੀ ਹੈ,
ਅਸੀਂ ਲੈਅ ਵਿੱਚ ਕਵਿਤਾ ਪੜ ਕੇ ਦਿਖਾਉਣੀ ਹੈ,
ਫਿਰ ਯਾਦ ਕਰਕੇ ਪ੍ਰਸ਼ਨਾਂ ਦੇ ਉੱਤਰ ਵੀ ਸੁਣਾਵਾਂਗੇ।
ਸਾਰੀਆਂ ਕਿਤਾਬਾਂ ਲੈ ਕੇ ਸਕੂਲ ਨੂੰ ਜਾਵਾਂਗੇ।

ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਵੀ ਸਿੱਖਾਂਗੇ,
ਸੁੰਦਰ ਲਿਖਾਈ ਵਾਲ਼ਾ ਸਫ਼ਾ ਰੋਜ਼ ਲਿਖਾਂਗੇ,
ਅੱਖਰਾਂ ਨੂੰ ਮਾਤਰਾਵਾਂ ਸੋਚ ਸਮਝ ਕੇ ਲਾਵਾਂਗੇ।
ਸਾਰੀਆਂ ਕਿਤਾਬਾਂ ਲੈ ਕੇ ਸਕੂਲ ਨੂੰ ਜਾਵਾਂਗੇ।

ਅੰਤਰ-ਰਾਸ਼ਟਰੀ ਬੋਲੀ ਇੰਗਲਿਸ਼ ਵੀ ਹੈ ਪੜ੍ਹਨੀ,
ਇਸਨੂੰ ਲਿਖਣ ਤੇ ਬੋਲਣ ਲਈ ਮਿਹਨਤ ਕਰਨੀ,
ਫਿਰ ਹੌਲ਼ੀ-ਹੌਲ਼ੀ ਇਹ ਭਾਸ਼ਾ ਵੀ ਸਿੱਖ ਜਾਵਾਂਗੇ।
ਸਾਰੀਆਂ ਕਿਤਾਬਾਂ ਲੈ ਕੇ ਸਕੂਲ ਨੂੰ ਜਾਵਾਂਗੇ।

ਗਣਿਤ ਦੀ ਗਿਣਤੀ ਅਤੇ ਪਹਾੜੇ ਯਾਦ ਕਰਾਂਗੇ,
ਔਖੇ-ਸੌਖੇ ਕਿਸੇ ਵੀ ਸਵਾਲਾਂ ਤੋਂ ਨਾ ਡਰਾਂਗੇ,
ਇਮਤਿਹਾਨਾਂ ਵਿੱਚੋਂ ਸੌ ’ਚੋਂ ਸੌ ਨੰਬਰ ਲਿਆਵਾਂਗੇ।
ਸਾਰੀਆਂ ਕਿਤਾਬਾਂ ਲੈ ਕੇ ਸਕੂਲ ਨੂੰ ਜਾਵਾਂਗੇ।

ਸਵਾਗਤ ਜ਼ਿੰਦਗੀ ਤੇ ਵਾਤਾਵਰਨ-ਸਿੱਖਿਆ ਜਦ ਪੜ੍ਹਾਂਗੇ,
ਸਭ ਨਾਲ਼ ਆਲ਼ੇ-ਦੁਆਲ਼ੇ ਦੀ ਚਰਚਾ ਵੀ ਕਰਾਂਗੇ,
ਇਸ ਤਰ੍ਹਾਂ ਧਰਤੀ ਨੂੰ ਸਵਰਗ ਬਣਾਵਾਂਗੇ।
ਸਾਰੀਆਂ ਕਿਤਾਬਾਂ ਲੈ ਕੇ ਸਕੂਲ ਨੂੰ ਜਾਵਾਂਗੇ।

ਮਨਜੀਤ ਸਿੰਘ ਘੜੈਲੀ
98153-91625



# ਪਿਆਰੇ ਪੰਛੀ

ਅੰਬਰ ਦੇ ਵਿੱਚ ਉੱਡਦੇ ਪੰਛੀ, ਲੱਗਦੇ ਬੜੇ ਪਿਆਰੇ।
ਰੰਗ-ਬਿਰੰਗੇ, ਭਾਂਤ-ਸੁਭਾਂਤੇ, ਕੁਦਰਤ ਖ਼ੂਬ ਸ਼ਿੰਗਾਰੇ।

ਚਿੜੀਆਂ ਅਤੇ ਗੁਟਾਰਾਂ ਦੀ ਔਹ ਟੋਲ਼ੀ ਉੱਡਦੀ ਆਉਂਦੀ।
ਡਾਰ ਤੋਤਿਆਂ ਦੀ ਦੇਖੋ ਪਿੱਛੇ, ਗੀਤ ਖ਼ੁਸ਼ੀ ਦੇ ਗਾਉਂਦੀ।

ਕਬੂਤਰਾਂ ਦਾ ਇੱਕ ਜੋੜਾ ਰੁੱਖ ’ਤੇ ਰੋਜ਼ ਸ਼ਾਮ ਨੂੰ ਆਵੇ।
ਗੁਟਰੂੰ-ਗੂੰ, ਗੁਟਰੂੰ-ਗੂੰ ਕਰਦਾ, ਬੜਾ ਹੀ ਮਨ ਨੂੰ ਭਾਵੇ।

ਕੋਇਲ ਆਪਣੀ ਮਿੱਠੀ ਸੁਰ ਵਿੱਚ ਬੋਲੇ ਆਪਣੀ ਬੋਲੀ।
ਬੋਲਾਂ ਦੇ ਵਿੱਚ ਜਾਪੇ ਉਸਦੇ ਜੀਕਣ ਮਿਸ਼ਰੀ ਘੋਲੀ।

ਘੁੱਗੂ-ਘੂੰ, ਘੁੱਗੂ-ਘੂੰ ਕਰਦੀ, ਘੁੱਗੀ ਸੁਹਣੀ ਲੱਗਦੀ।
ਸ਼ਾਂਤ ਸੁਭਾਅ, ਠਰੰਮਾ ਡਾਹਢਾ, ਚੋਗਾ ਫਿਰਦੀ ਲੱਭਦੀ।

ਕਾਂ ਦੇ ਵਿੱਚ ਹੈ ਕਾਹਲ਼ ਅੱਤ ਦੀ, ਫਿਰੇ ਫੇਰੀਆਂ ਪਾਉਂਦਾ।
ਪਤਾ ਨਾ ਲੱਗੇ ਅੱਖ ਬਚਾਕੇ, ਆਪਣੀ ਝਪਟ ਚਲਾਉਂਦਾ।

ਬਿਜੜੇ ਨੂੰ ਕਾਰੀਗਰ ਕਹਿੰਦੇ, ਆਲ੍ਹਣਾ ਇੰਞ ਬਣਾਵੇ।
ਟਾਹਣੀ ਤੋਂ ਥੱਲ੍ਹੇ ਨਾ ਡਿੱਗੇ, ਭਾਵੇਂ ਝੱਖੜ ਆਵੇ।

ਮੋਰ ਜਾਪੇ ਸਾਰਿਆਂ ਤੋਂ ਸੁਹਣਾ, ਪੈਲ਼ਾਂ ਫਿਰਦਾ ਪਾਉਂਦਾ।
ਉਸ ਦਾਤੇ ਦੀ ਕੁਦਰਤ ਅੱਗੇ, ਸਿਰ ਸਭਨਾਂ ਦਾ ਨਿਆਉਂਦਾ।

ਆਓ ਸਾਰੇ ਪੰਛੀਆਂ ਦੇ ਨਾਲ਼, ਸਾਂਝਾਂ ਖ਼ੂਬ ਬਣਾਈਏ।
ਰੁੱਖ ਇਹਨਾਂ ਲਈ ਰੈਣ ਬਸੇਰੇ ਵੱਧ ਤੋਂ ਵੱਧ ਲਗਾਈਏ।

ਕਹਾਣੀ

ਰਾਜਿੰਦਰ ਸਿੰਘ ਰਾਜਨ
96538-85032



# ਅਭਿਆਸ

ਗੁਰਸ਼ਾਨ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ। ਉਹ ਹਰ ਰੋਜ਼ ਸਕੂਲ ਆਉਂਦਾ ਸੀ। ਉਸ ਦੇ ਮੰਮੀ-ਡੈਡੀ ਵੀ ਉਸ ਦੀ ਪੜ੍ਹਾਈ ਉੱਤੇ ਬਹੁਤ ਖ਼ੁਸ਼ ਸਨ। ਜਦੋਂ ਮੈਨੂੰ ਇਹ ਜਮਾਤ ਮਿਲੀ ਸੀ ਤਾਂ ਉਸਦੇ ਇੰਚਾਰਜ ਅਧਿਆਪਕ ਨੇ ਵੀ ਗੁਰਸ਼ਾਨ ਦੀ ਬਹੁਤ ਤਾਰੀਫ਼ ਕੀਤੀ ਸੀ।

ਬੇਸ਼ੱਕ ਉਹ ਪੜ੍ਹਨ ਵਿੱਚ ਵਧੀਆ ਸੀ ਪਰ ਮੈਨੂੰ ਉਸਦੀ ਲਿਖਾਈ ਬਿਲਕੁਲ ਪਸੰਦ ਨਹੀਂ ਸੀ। ਉਹ ਲਿਖਣ ਲੱਗਿਆਂ ਕਦੇ ਵੱਡੇ-ਵੱਡੇ ਅਤੇ ਕਦੀ ਛੋਟੇ-ਛੋਟੇ ਅੱਖਰ ਲਿਖ ਦਿੰਦਾ ਸੀ। ਕਈ ਵਾਰ ਕਾਪੀ ਦੀਆਂ ਲਾਈਨਾਂ ਦਾ ਧਿਆਨ ਵੀ ਨਹੀਂ ਰੱਖਦਾ ਸੀ। ਮੈਂ ਜਦੋਂ ਵੀ ਸਫ਼ਾ ਲਿਖ ਕੇ ਦਿਖਾਉਣ ਲਈ ਆਖਦਾ ਤਾਂ ਉਹ ਮੇਰੇ ਤੋਂ ਅੱਖਾਂ ਚੁਰਾ ਲੈਂਦਾ। ਮੈਨੂੰ ਉਹ ਸ਼ਰਮਾਉਂਦਾ ਵਿਖਾਈ ਦਿੰਦਾ। ਉਸ ਦੀ ਲਿਖਾਈ ਸੁੰਦਰ ਨਾ ਹੋਣ ਕਾਰਨ ਪੰਜਾਬੀ ਵਿਸ਼ੇ ਵਿੱਚੋਂ ਉਸ ਦੇ ਨੰਬਰ ਅਕਸਰ ਘੱਟ ਹੀ ਆਉਂਦੇ।

ਇੱਕ ਦਿਨ ਮੈਂ ਜਮਾਤ ਵਿੱਚ ਆਉਂਦਿਆਂ ਹੀ ਸੁੰਦਰ ਲਿਖਾਈ ਦੀ ਮਹੱਤਤਾ ਦੱਸਣ ਲੱਗਿਆ। ਬੱਚਿਓ, ''ਸੁੰਦਰ ਲਿਖਾਈ ਸਾਡੀ ਪਹਿਚਾਣ ਬਣਾਉਂਦੀ ਹੈ। ਇਸ ਤੋਂ ਸਾਡੀ ਸ਼ਖ਼ਸੀਅਤ ਦਾ ਪਤਾ ਚਲਦਾ ਹੈ। ਤੁਹਾਡੇ ਮੋਤੀਆਂ ਵਰਗੇ ਲਿਖੇ ਅੱਖਰ ਸਕੂਲ ਅਤੇ ਅਧਿਆਪਕਾਂ ਦਾ ਮਾਣ ਵਧਾਉਂਦੇ ਹਨ।'' ਗੁਰਸ਼ਾਨ ਬੜੇ ਧਿਆਨ ਨਾਲ਼ ਸੁਣ ਰਿਹਾ ਸੀ। ਮੈਂ ਉਸ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ, ''ਬੇਟਾ ਤੈਨੂੰ ਵੀ ਸੁੰਦਰ ਲਿਖਾਈ ਲਿਖਣ ਦੇ ਢੰਗ ਸਿੱਖਣੇ ਚਾਹੀਦੇ ਹਨ।'' ਪਰ ਸਰ, ''ਹੁਣ ਮੈਥੋਂ ਨਹੀਂ ਸਿੱਖਿਆ ਜਾਣਾ ਸਰ'' ਉਸ ਨੇ ਕਿਹਾ। ''ਹੁਣ ਕਿਉਂ ਨਹੀਂ, ਤੂੰ ਕੀ ਜ਼ਿਆਦਾ ਵੱਡਾ ਹੋ ਗਿਐਂ।'' ਆਹ ਵੇਖ ਮੇਰੀ ਕਾਪੀ, ਮੈਂ ਆਪਣੀ ਕਾਪੀ ਤੇ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਨੂੰ ਸੁੰਦਰ ਲਿਖਾਈ ਲਿਖਣ ਲਈ ਦਿੱਤਾ ਕੰਮ ਦਿਖਾਇਆ। ਗੁਰਸ਼ਾਨ ਹੈਰਾਨ ਹੋ ਗਿਆ। ਬੇਟਾ ਮੈਂ ਤੈਨੂੰ ਜ਼ਰੂਰ ਸਿਖਾਵਾਂਗਾ। ਤੈਨੂੰ ਸਿਰਫ਼ ਅਭਿਆਸ ਦੀ ਜ਼ਰੂਰਤ ਹੈ। ਬਸ ਲਿਖਣ ਲੱਗਿਆਂ ਕਾਹਲ਼ ਨਹੀਂ ਕਰਨੀ। ਅਰਾਮ ਨਾਲ਼ ਲਿਖਣ ਦੀ ਕੋਸ਼ਿਸ਼ ਕਰਿਆ ਕਰਨੀ।

ਕੁਝ ਦਿਨਾਂ ਬਾਅਦ ਮੈਂ ਉਸਨੂੰ ਮੋਬਾਇਲ ਫ਼ੋਨ ਤੇ ਇੱਕ ਵੀਡੀਓ ਦਿਖਾਈ ਸੀ। ਜਿਸ ਵਿੱਚ ਇੱਕ ਬਿਜੜੇ ਨੂੰ ਆਪਣਾ ਆਲ੍ਹਣਾ ਬਣਾਉਂਦੇ ਵਿਖਾਇਆ ਗਿਆ ਸੀ। ਇੱਕ ਨਿੱਕਾ ਜਿਹਾ ਪੰਛੀ ਕਿੰਨੀ ਲਗਨ ਨਾਲ਼ ਆਪਣਾ ਆਲ੍ਹਣਾ ਬਣਾਉਣ ਵਿੱਚ ਮਸਤ ਸੀ। ਉਹ ਕਿੰਨਾ ਸੁੰਦਰ ਘਰ ਬਣਾ ਰਿਹਾ ਸੀ। ਮੈਂ ਵੇਖਿਆ ਗੁਰਸ਼ਾਨ ਬੜੇ ਧਿਆਨ ਨਾਲ਼ ਵੇਖ ਰਿਹਾ ਸੀ। ਜਿਵੇਂ ਮੇਰੇ ਕੋਲ਼ੋਂ ਕੁਝ ਪੁੱਛਣਾ ਚਾਹੁੰਦਾ ਹੋਵੇ। ਜੇਕਰ ਇੱਕ ਪੰਛੀ ਆਪਣੀ ਚੁੰਝ ਨਾਲ਼ ਰਹਿਣ ਬਸੇਰਾ ਬਣਾ ਸਕਦਾ ਹੈ ਤਾਂ ਮੈਂ ਕਿਉਂ ਨਹੀਂ ਮਿਹਨਤ ਕਰ ਸਕਦਾ। ਮੇਰੇ ਤਾਂ ਦੋ ਹੱਥ ਵੀ ਹਨ।

ਉਸ ਦਿਨ ਤੋਂ ਬਾਅਦ ਗੁਰਸ਼ਾਨ ਰੋਜ਼ਾਨਾ ਮੇਰੇ ਕੋਲ਼ੋਂ ਸੁੰਦਰ ਲਿਖਾਈ ਲਿਖਣ ਦਾ ਕੰਮ ਲੈ ਕੇ ਜਾਣ ਲੱਗਿਆ। ਦੂਸਰੇ ਦਿਨ ਚੈੱਕ ਵੀ ਕਰਵਾਉਂਦਾ ਰਿਹਾ। ਉਹ ਲਗਾਤਾਰ ਅਭਿਆਸ ਕਰਨ ਲੱਗਿਆ। ਅੱਜ ਹੋਰ ਅਤੇ ਕੱਲ੍ਹ ਹੋਰ ਉਸ ਦੀ ਲਿਖਾਈ ਵਿੱਚ ਸੁਧਾਰ ਆਉਂਦਾ ਗਿਆ। ਹੁਣ ਉਹ ਸੁੰਦਰ ਲਿਖਾਈ ਲਿਖਣ ਦੇ ਮੁਕਾਬਲਿਆਂ ਵਿੱਚ ਵੀ ਭਾਗ ਲੈਣ ਲੱਗ ਪਿਆ ਸੀ।

ਰਾਮ ਸਿੰਘ ਪਾਠਕ



# ਆਪਣੇ ਪਿੰਡ ਦੀਆਂ ਬਾਤਾਂ

ਭੁੱਲ ਨਾ ਜਾਈਂ ਆਪਣੇ, ਪਿੰਡ ਦੀਆਂ ਬਾਤਾਂ।
ਗ਼ਰਮੀਆਂ 'ਚ ਕਈ ਵਾਰ, ਛੱਪੜ ਵਿੱਚ ਨਹਾਤਾ।

ਕੱਚੇ ਰਾਹ ਤੁਰਦਿਆਂ, ਸਿਰ 'ਚ ਧੂੜ ਪੈਂਦੀ ਸੀ,
ਇਹ ਰਾਹ ਪੱਕੇ ਹੋਣਗੇ, ਮੇਰੀ ਦਾਦੀ ਕਹਿੰਦੀ ਸੀ,
ਰਾਹਾਂ ਵਿੱਚ ਚਿੱਕੜ ਹੁੰਦਾ, ਜਦੋਂ ਪੈਣ ਬਰਸਾਤਾਂ।
ਭੁੱਲ ਨਾ ਜਾਈਂ ਆਪਣੇ, ਪਿੰਡ ਦੀਆਂ ਬਾਤਾਂ।

ਪਿੰਡ ਕੋਲ਼ ਦੀ ਵਗਦੀਆਂ ਨਹਿਰਾਂ, ਪਾਣੀ ਬਹੁਤ ਸਵਾਦ,
ਜਿਹੜਾ ਇੱਕ ਵਾਰ ਪੀਵੇ, ਮੁੜ-ਮੁੜ ਕਰਦਾ ਯਾਦ,
ਆਪਣੇ ਪਿੰਡ ਨੂੰ ਕੁਦਰਤ ਵੱਲੋਂ ਮਿਲੀਆਂ ਬਹੁਤ ਸੁਗ਼ਾਤਾਂ।
ਭੁੱਲ ਨਾ ਜਾਈਂ ਆਪਣੇ, ਪਿੰਡ ਦੀਆਂ ਬਾਤਾਂ।

ਸਿੱਧ ਤਿਲਕਰੇ ਸਭ ਤੋਂ ਵੱਡਾ, ਬਣਿਆ ਖੇਡ ਮੈਦਾਨ,
ਹਰ ਪਾਸੇ ਚਰਚਾ ਹੋਵੇ, ਮੇਰੇ ਪਿੰਡ ਦੀ ਸ਼ਾਨ,
ਫਿਰ ਖੇਡਾਂ ਵੇਲ਼ੇ ਮਿੱਤਰਾਂ, ਨਾਲ਼ ਹੋਣ ਮੁਲਾਕਾਤਾਂ।
ਭੁੱਲ ਨਾ ਜਾਈਂ ਆਪਣੇ, ਪਿੰਡ ਦੀਆਂ ਬਾਤਾਂ।



# ਪੰਛੀ

ਪਹੁ-ਫੁਟਾਲੇ ਵੇਲ਼ੇ ਚਿੜੀਆਂ,
ਚੀਂ-ਚੀਂ ਕਰਦੀਆਂ ਸੀ।

ਸਾਡੀ ਜ਼ਿੰਦਗੀ ਦੇ ਵਿੱਚ,
ਖ਼ੁਸ਼ੀਆਂ ਭਰਦੀਆਂ ਸੀ।

ਖੁੱਲ੍ਹੇ ਵਿਹੜੇ ਵਿੱਚ ਦਾਦੀ,
ਚੋਗਾ ਪਾਉਂਦੇ ਸੀ।

ਚੋਗਾ ਚੁਗਣ ਵਾਸਤੇ ਪੰਛੀ
ਹੌਲ਼ੀ-ਹੌਲ਼ੀ ਆਉਂਦੇ ਸੀ।

ਪੰਛੀ ਅਲੋਪ ਹੋ ਰਹੇ ਨੇ,
ਬਹਿ ਕੇ ਕਰਨ ਵਿਚਾਰਾਂ।

ਪੰਛੀ ਮੈਨੂੰ ਨਜ਼ਰ ਨਾ ਆਉਂਦੇ,
ਜਿੱਧਰ ਨਜ਼ਰਾਂ ਮਾਰਾਂ।

ਆਪਣਾ ਘਰ ਬਣਾ ਲੈਂਦੇ,
ਘਰ ਦੇ ਰੌਸ਼ਨਦਾਨਾਂ ਨੂੰ।

'ਪਾਠਕ' ਅਸੀਂ ਸਾਂਭਿਆ ਨਾ,
ਜੇ ਪੰਛੀ ਮਹਿਮਾਨਾਂ ਨੂੰ।



ਮਹਿੰਦਰ ਸਿੰਘ ਕੈਂਥ
94642-55003

# ਦੋ ਮਿੱਤਰ

ਇੱਕ ਕੁੱਤੀ ਨੇ ਕਈ ਕਤੂਰੇ ਦਿੱਤੇ। ਉਸੇ ਘਰ ਇੱਕ ਮੱਝ ਵੀ ਸੂਈ। ਉਸ ਨੇ ਇੱਕ ਕੱਟਾ ਦਿੱਤਾ। ਕਤੂਰਿਆਂ ਦੀਆਂ ਅੱਖਾਂ ਖੁੱਲ੍ਹੀਆਂ। ਉਹ ਚੱਲਣ ਫਿਰਨ ਲੱਗ ਪਏ। ਕੱਟਾ ਵੀ ਮਾਂ ਦਾ ਦੁੱਧ ਚੁੰਘ ਕੇ ਪਰਲੇ ਵਿਹੜੇ ਵਿੱਚ ਇੱਧਰ-ਉੱਧਰ ਫਿਰਦਾ ਰਹਿੰਦਾ। ਸਾਰੇ ਕਤੂਰਿਆਂ ਵਿੱਚੋਂ ਭੂਰੇ ਰੰਗ ਦਾ ਕਤੂਰਾ ਕੱਟੇ ਦੇ ਨਾਲ਼ ਹੀ ਰਹਿੰਦਾ।

ਦਿਨ ਬੀਤਦੇ ਗਏ। ਸੱਤਾ ਅੱਠਾਂ ਮਹੀਨਿਆਂ ਮਗਰੋਂ ਮੱਝ ਦੁੱਧੋਂ ਭੱਜ ਗਈ। ਹੁਣ ਘਰ ਵਾਲ਼ਿਆਂ ਨੇ ਕੱਟੇ ਦਾ ਕੀ ਕਰਨਾ ਸੀ। ਉਹਨਾਂ ਨੇ ਉਸ ਨੂੰ ਵੇਚਣਾ ਚਾਹਿਆ, ਪਰ ਘਰ ਦੇ ਬਜ਼ੁਰਗ ਨੇ ਪਿੰਡ ਵਿੱਚ ਕੋਈ ਝੋਟਾ ਨਾ ਹੋਣ ਕਰਕੇ ਕੱਟੇ ਨੂੰ ਝੋਟਾ ਬਣਾਉਣ ਦੀ ਰਾਇ ਦਿੱਤੀ। ਘਰ ਵਾਲ਼ਿਆਂ ਨੂੰ ਕੀ ਇਤਰਾਜ਼ ਹੋ ਸਕਦਾ ਸੀ। ਦੂਜੇ ਦਿਨ ਕੱਟਾ ਗੁੱਜਰ ਨੂੰ ਸੰਭਾਲ਼ ਦਿੱਤਾ ਗਿਆ। ਜਿਸ ਵੇਲ਼ੇ ਕੱਟੇ ਨੂੰ ਘਰੋਂ ਕਿੱਲੇ ਨਾਲ਼ੋਂ ਖੋਲ੍ਹਿਆ ਤਾਂ ਉਹਦਾ ਦੋਸਤ ਕਤੂਰਾ, ਜਿਹੜਾ ਹੁਣ ਕੁੱਤਾ ਬਣ ਚੁੱਕਿਆ ਸੀ, ਵੀ ਉਸ ਦੇ ਨਾਲ਼ ਹੀ ਹੋ ਤੁਰਿਆ।

ਗੁੱਜਰ ਕੱਟੇ ਨੂੰ ਚੌਣੇ ਨਾਲ਼ ਚਾਰਨ ਲਈ ਲੈ ਜਾਂਦਾ। ਕੁੱਤਾ ਵੀ ਉਸ ਦੇ ਨਾਲ਼ ਹੀ ਜਾਂਦਾ ਤੇ ਨਾਲ਼ ਹੀ ਮੁੜਦਾ।

ਦਿਨ ਲੰਘਦੇ ਜਾ ਰਹੇ ਸਨ। ਕੁੱਤਾ ਹੋਰ ਵੱਡਾ ਹੋ ਗਿਆ। ਕੱਟਾਂ ਵੀ ਝੋਟਾ ਬਣ ਗਿਆ ਸੀ। ਝੋਟਾ ਹੁਣ ਚੌਣੇ ਦੇ ਨਾਲ਼ ਨਹੀਂ ਜਾਂਦਾ ਸੀ। ਸਗੋਂ ਖੇਤਾਂ ਵਿੱਚ ਚਰਦਾ ਰਹਿੰਦਾ। ਕੁੱਤਾ ਨਾਲ਼-ਨਾਲ਼ ਉਹਦੀ ਛਾਂ ਵਿੱਚ ਫਿਰਦਾ ਰਹਿੰਦਾ। ਝੋਟਾਂ ਆਪਣਾ ਢਿੱਡ ਭਰੀ ਜਾਂਦਾ, ਪਰ ਕੁੱਤਾ ਭੁੱਖਾ ਹੀ ਰਹਿੰਦਾ। ਉਸ ਨੂੰ ਖੇਤਾਂ ਵਿੱਚ ਰੋਟੀ ਕਿੱਥੋਂ। ਜੇ ਕਿਸੇ ਦੀ ਰੋਟੀ ਖੇਤ ਵਿੱਚ ਆਉਂਦੀ ਤਾਂ ਬੁਰਕੀ ਚੱਪਾ ਮਿਲ ਜਾਂਦੀ। ਨਹੀਂ ਤਾਂ ਝੋਟੇ ਨੂੰ ਝਰਦਿਆਂ ਦੇਖ ਕੇ ਸਬਰ ਕਰ ਲੈਂਦਾ।

ਕੁੱਤੇ ਨੂੰ ਭੁੱਖਾ ਦੇਖ ਕੇ ਝੋਟੇ ਨੂੰ ਬੜਾ ਦੁੱਖ ਹੁੰਦਾ। ਉਹ ਕੁੱਤੇ ਨੂੰ ਬਥੇਰੇ ਸਿੰਙ ਮਾਰਦਾ ਕਿ ਉਹ ਪਿੰਡ ਦੌੜ ਜਾਵੇ, ਪਰ ਕੁੱਤਾ ਸੀ ਕਿ ਉੱਥੋਂ ਜਾਣ ਦਾ ਨਾ ਲੈਂਦਾ। ਆਖ਼ਰ ਝੋਟੇ ਨੇ ਦੇਖਿਆ ਕਿ ਇਸ ਤਰ੍ਹਾ ਠੀਕ ਨਹੀਂ ਹੈ ਤਾਂ ਉਹ ਨੂੰ ਇੱਕ ਤਰੀਕਾ ਸੁੱਝਿਆ। ਉਹ ਦਿਨੇ ਟੋਭੇ ਵਿੱਚ ਬੈਠਾ ਰਹਿੰਦਾ ਅਤੇ ਰਾਤ ਨੂੰ ਚਰਨ ਲਈ ਖੇਤਾਂ ਵੱਲ ਨਿਕਲ ਜਾਂਦਾ। ਹੁਣ ਕੁੱਤੇ ਲਈ ਹੋਰ ਮੁਸੀਬਤ ਆ ਪਈ। ਅੱਗੇ ਤਾਂ ਝੋਟਾ ਦਿਨੇ ਚਰ ਕੇ ਰਾਤ ਨੂੰ ਘਰ ਆ ਜਾਂਦਾ ਸੀ ਤੇ ਕੁੱਤੇ ਨੂੰ ਘਰਾਂ ਵਿੱਚੋਂ ਰੋਟੀ ਮਿਲ ਜਾਂਦੀ ਸੀ ਅਤੇ ਰਾਤ ਚੈਨ ਨਾਲ਼ ਨਿਕਲ ਜਾਂਦੀ ਸੀ। ਹੁਣ ਝੋਟਾ ਦਿਨੇ ਟੋਭੇ ਵਿੱਚ ਬਹਿ ਜਾਂਦਾ ਅਤੇ ਰਾਤ ਨੂੰ ਉਠ ਕੇ ਖੇਤਾਂ

ਵੱਲ ਹੋ ਤੁਰਦਾ। ਕੁੱਤਾ ਵੀ ਮਗਰੇ ਤੁਰ ਪੈਂਦਾ। ਇਸ ਤਰ੍ਹਾਂ ਕਰਨ ਨਾਲ਼ ਕੁੱਤਾ ਰਾਤ ਨੂੰ ਵੀ ਭੁੱਖਾ ਰਹਿ ਜਾਂਦਾ ਅਤੇ ਦਿਨ ਵੀ ਝੋਟੇ ਤੋਂ ਬਿਨ੍ਹਾ ਕਿਧਰੇ ਨਾ ਜਾਂਦਾ।

ਝੋਟਾ ਸਮਝਦਾਰ ਸੀ। ਉਸ ਨੇ ਇੱਕ ਹੋਰ ਢੰਗ ਲੱਭਿਆ। ਉਹ ਨਾ ਤਾਂ ਦਿਨੇ ਚਰਨ ਜਾਂਦਾ ਅਤੇ ਨਾ ਹੀ ਟੋਭੇ ਵਿੱਚ ਬਹਿੰਦਾ। ਸਗੋਂ ਸਾਰਾ ਦਿਨ ਪਿੰਡ ਦੀਆਂ ਵੀਹੀਆਂ ਵਿੱਚ ਚੱਕਰ ਕੱਟਦਾ। ਇਸ ਤਰ੍ਹਾਂ ਕਰਨ ਨਾਲ਼ ਕੁੱਤੇ ਨੂੰ ਰੱਜਵੀਂ ਰੋਟੀ ਮਿਲਣ ਲੱਗ ਪਈ। ਫਿਰ ਰਾਤ ਨੂੰ ਝੋਟਾ ਚਰਨ ਚਲਿਆ ਜਾਂਦਾ।

ਦਿਨ ਮਹੀਨੇ ਤੇ ਸਾਲ ਬਣ ਕੇ ਸਮਾਂ ਲੰਘਦਾ ਜਾ ਰਿਹਾ ਸੀ। ਇੱਕ ਰਾਤ ਝੋਟਾ ਖੇਤਾਂ ਵਿੱਚ ਚਰ ਰਿਹਾ ਸੀ। ਉੱਥੇ ਇੱਕ ਹੋਰ ਝੋਟਾ ਆ ਗਿਆ। ਉਹਨਾਂ ਦੋਹਾਂ ਵਿਚਕਾਰ ਲੜਾਈ ਆਰੰਭ ਹੋ ਗਈ। ਕੁੱਤੇ ਦੇ ਮਿੱਤਰ ਝੋਟੇ ਦੀ ਇੱਕ ਲੱਤ ਟੁੱਟ ਗਈ। ਉਹ ਪਿੰਡ ਤੀਕ ਮਸਾਂ ਹੀ ਪੁੱਜਾ। ਆਉਂਦਿਆਂ ਹੀ ਟੋਭੇ ਦੇ ਕਿਨਾਰੇ ਕੋਲ਼ ਡਿੱਗ ਪਿਆ। ਕੁੱਤਾ ਵੀ ਉੱਥੇ ਹੀ ਬਹਿ ਗਿਆ।

ਕਈ ਦਿਨ ਤੇ ਕਈ ਰਾਤਾਂ ਝੋਟਾ ਹਿੱਲ ਨਾ ਸਕਿਆ। ਉਹ ਪੀੜ ਨਾਲ਼ ਕਰਾਹ ਰਿਹਾ ਸੀ। ਕੁੱਤਾ ਵੀ ਉਸ ਦੇ ਕੋਲ਼ੋਂ ਹਿੱਲ ਕੇ ਕਿੱਧਰੇ ਨਾ ਗਿਆ। ਉਸ ਦੇ ਕੋਲ਼ ਹੀ ਬੈਠਾ ਰਿਹਾ। ਕਦੇ-ਕਦੇ ਬੜੀ ਬੇਚੈਨੀ ਜਿਹੀ ਨਾਲ਼ ਝੋਟੇ-ਦੁਆਲ਼ੇ ਚੱਕਰ ਕੱਟਣ ਲੱਗ ਜਾਂਦਾ। ਕਈ ਸਿਆਣੇ ਆਦਮੀ ਝੋਟੇ ਦੀ ਲੱਤ ਨੂੰ ਦੂਜੇ ਤੀਜੇ ਦਿਨ ਤੇਲ ਦੀ ਮਾਲਿਸ਼ ਆਦਿ ਕਰਕੇ ਬੰਨ੍ਹ ਜਾਂਦੇ ਸਨ। ਵੱਖੀ ਵਿੱਚ ਹੋਏ ਜ਼ਖ਼ਮ ਉੱਪਰ ਮਲ੍ਹਮ ਲਾ ਜਾਂਦੇ। ਲੋਕ ਲੋੜ ਅਨੁਸਾਰ ਦੋਵੇਂ ਵੇਲ਼ੇ ਕੁੱਤੇ ਲਈ ਰੋਟੀ ਅਤੇ ਝੋਟੇ ਲਈ ਪੱਠੇ ਉੱਥੇ ਪਹੁੰਚਾ ਜਾਂਦੇ। ਜਦੋਂ ਪਹਿਲਾਂ ਝੋਟਾ ਪੱਠੇ ਖਾ ਲੈਂਦਾ ਤਾਂ ਕੁੱਤਾ ਮਗਰੋਂ ਆਪ ਰੋਟੀ ਖਾਂਦਾ।

ਝੋਟੇ ਦੇ ਜ਼ਖ਼ਮ ਉੱਤੇ ਕਾਂ ਆ ਕੇ ਬਹਿ ਜਾਂਦੇ, ਜੋ ਉਸ ਨੂੰ ਬੜਾ ਤੰਗ ਕਰਦੇ। ਕੁੱਤਾ ਉਹਨਾਂ ਨੂੰ ਉਡਾਉਣ ਵਿੱਚ ਮੱਦਦ ਕਰਦਾ। ਮੱਖੀਆਂ ਨੂੰ ਵੀ ਭੱਜ-ਭੱਜ ਖਾਣ ਨੂੰ ਪੈਂਦਾ। ਕਈ ਵਾਰੀ ਬੱਚੇ ਆ ਕੇ ਵੀ ਝੋਟੇ ਨੂੰ ਤੰਗ ਕਰਨ ਲੱਗ ਜਾਂਦੇ ਸਨ। ਕੁੱਤਾ ਉਹਨਾਂ ਨੂੰ ਵੱਢਣ ਨੂੰ ਪੈਂਦਾ। ਝੋਟੇ ਵੱਲ ਉਹ ਕਿਸੇ ਨੂੰ ਵੀ ਅੱਖ ਨਾ ਕਰਨ ਦਿੰਦਾ।

ਦੋ-ਤਿੰਨ ਮਹੀਨੇ ਝੋਟੇ ਦਾ ਪੂਰੀ ਤਰ੍ਹਾਂ ਇਲਾਜ ਹੁੰਦਾ ਰਿਹਾ। ਜ਼ਖ਼ਮ ਤਾਂ ਉਸਦਾ ਪੂਰੀ ਤਰ੍ਹਾਂ ਠੀਕ ਹੋ ਚੁੱਕਿਆ ਸੀ, ਪਰ ਲੱਤ ਹਾਲੀਂ ਠੀਕ ਨਹੀਂ ਸੀ ਹੋਈ। ਲੰਮੀ ਬੈਠਕ ਕਾਰਨ ਝੋਟੇ ਦੀ ਸਿਹਤ ਬਹੁਤ ਕੰਮਜ਼ੋਰ ਹੋ ਗਈ ਸੀ। ਉਸ ਦੀਆਂ ਹੱਡੀਆਂ ਨਿਕਲ ਆਈਆਂ ਸਨ। ਉਹ ਪੱਠੇ ਵੀ ਠੀਕ ਤਰ੍ਹਾਂ ਨਾਲ਼ ਖਾ ਨਹੀਂ ਸੀ ਸਕਦਾ।

ਝੋਟਾ ਤਾਂ ਮਜ਼ਬੂਰੀ ਕਾਰਨ ਤੁਰ-ਫਿਰ ਨਹੀਂ ਸਕਦਾ ਸੀ, ਪਰ ਕੁੱਤਾ ਚੱਲ-ਫਿਰ ਸਕਦਿਆਂ ਵੀ ਕਿੱਧਰੇ ਆਉਂਦਾ ਜਾਂਦਾ ਨਹੀਂ ਸੀ। ਸਾਰਾ ਦਿਨ ਬੈਠਾ ਝੋਟੇ ਉੱਤੇ ਪਹਿਰਾ ਦਿੰਦਾ ਰਹਿੰਦਾ। ਲੋਕ ਵੀ ਮਹਿਸੂਸ ਕਰਨ ਲੱਗ ਪਏ ਸਨ ਕਿ ਯਾਰੀ ਹੋਵੇ ਤਾਂ ਅਜਿਹੀ ਹੋਵੇ। ਕੁੱਤਾ ਤੇ ਝੋਟਾ, ਭਾਵੇਂ ਜਾਨਵਰ ਹੀ ਸਨ, ਪਰੰਤੂ ਮਨੁੱਖਾਂ ਨਾਲ਼ੋਂ ਕਿਤੇ ਵੱਧ ਸਮਝਦਾਰ ਜਾਪਦੇ ਸਨ।

ਤਿੰਨ-ਚਾਰ ਮਹੀਨੇ ਹੋਰ ਇੰਞ ਲੰਘ ਗਏ। ਝੋਟੇ ਦੀ ਲੱਤ ਹਿੱਲਣ-ਜੁਲਣ ਲੱਗ ਪਈ। ਉਹ ਉਠ ਕੇ ਥੋੜ੍ਹਾ ਬਹੁਤ ਤੁਰਨ-ਫਿਰਨ ਲੱਗ ਪਿਆ ਸੀ।


ਇੱਕ ਦਿਨ ਉਹ ਲਾਗਲੇ ਖੇਤ ਵਿੱਚ ਚਰਨ ਲਈ ਜਾ ਵੜਿਆ। ਖਾ ਪੀ ਕੇ ਟੋਭੇ ਦੇ ਕੰਢੇ ਪਾਣੀ-ਪੀਣ ਆ ਗਿਆ। ਬਰੋਟੇ ਦੀਆਂ ਜੜ੍ਹਾਂ ਵਿੱਚੋਂ ਇੱਕ ਕਾਲ਼ਾ ਨਾਗ ਨਿਕਲ ਕੇ ਉਸਦੀ ਲੱਤ ਉੱਤੇ ਡੰਗ ਮਾਰ ਗਿਆ। ਝੋਟਾ ਧੜੰਮ ਕਰਕੇ ਧਰਤੀ 'ਤੇ ਡਿੱਗ ਪਿਆ ਅਤੇ ਅੱਖ ਝੱਪਕਦੇ ਹੀ ਮਰ ਗਿਆ। ਕੁੱਤਾ ਸੱਚੀਂ-ਮੁੱਚੀਂ ਇੱਕ ਪਾਸੇ ਬਹਿ ਕੇ, ਉੱਪਰ ਨੂੰ ਮੂੰਹ ਕਰਕੇ ਰੋਣ ਲੱਗ ਪਿਆ।

ਝੋਟੇ ਦੇ ਮਰ ਜਾਣੇ 'ਤੇ ਲੋਕਾਂ ਨੇ ਵੀ ਬੜਾ ਅਫ਼ਸੋਸ ਕੀਤਾ। ਸਭ ਨੇ ਇਕੱਠੇ ਹੋ ਕੇ ਉਸ ਦਾ ਬਬਾਨ ਕੱਢ ਕੇ ਬੜੇ ਸਤਿਕਾਰ ਨਾਲ਼ ਟੋਭੇ ਦੇ ਨੇੜੇ ਹੀ ਇੱਕ ਖੁੱਲ੍ਹੀ ਥਾਂ ਵਿੱਚ ਦੱਬ ਦਿੱਤਾ। ਲੋਕ ਦੱਬ ਕੇ ਚਲੇ ਗਏ, ਪਰ ਕੁੱਤਾ ਬੈਠਾ ਰੋਂਦਾ ਰਿਹਾ।

ਹੁਣ ਕੁੱਤਾ ਬਿਲਕੁੱਲ ਇਕੱਲਾ ਰਹਿ ਗਿਆ ਸੀ। ਉਹ ਪਿੰਡ ਵਿੱਚੋਂ ਰੋਟੀ ਖਾ ਲੈਂਦਾ ਸੀ। ਕਈ ਵਾਰੀ ਦੇਖਿਆ ਸੀ, ਉਹ ਅੱਧੀ ਖਾ ਕੇ ਅੱਧੀ ਛੱਡ ਦਿੰਦਾ ਸੀ। ਵੀਹੀਆਂ ਵਿੱਚ ਉਹ ਇੰਞ ਤੁਰਦਾ-ਫਿਰਦਾ ਹੁੰਦਾ, ਜਿਵੇਂ ਸਾਰੇ ਪਿੰਡ ਵਿੱਚ ਉਸ ਦਾ ਕੋਈ ਨਹੀਂ ਹੁੰਦਾ ਜਾਂ ਉਹ ਹੀ ਕਿਸੇ ਹੋਰ ਪਿੰਡ ਦਾ ਹੋਵੇ। ਰੋਟੀ ਖਾ ਕੇ ਪਾਗ਼ਲਾਂ ਵਾਂਗ ਦੌੜਦਾ ਹੋਇਆ, ਉੱਥੇ ਜਾ ਖਲੋਂਦਾ ਸੀ, ਜਿੱਥੇ ਝੋਟਾ ਚਰਨ ਜਾਇਆ ਕਰਦਾ ਸੀ।

ਬੱਚਿਓ, ਪਿਆਰ ਹੋਵੇ ਤਾਂ ਅਜਿਹਾ ਹੋਵੇ, ਜਿਵੇਂ ਕੁੱਤੇ ਅਤੇ ਝੋਟੇ ਦਾ ਸੀ। ਬਨਾਵਟੀ ਪਿਆਰ ਨਹੀਂ ਹੋਣਾ ਚਾਹੀਦਾ। ਦਿਲੋਂ ਸੱਚਾ ਪਿਆਰ ਹੋਣਾ ਚਾਹੀਦਾ ਹੈ।

ਦਿਲਬਾਗ ਸਿੰਘ ਗਿੱਲ
99154-83005



# ਮਿੱਠੇ ਗੀਤ ਸੁਣਾਉਂਦੇ ਪੰਛੀ

ਸਵੇਰ ਵੇਲ਼ੇ ਉੱਠ ਗਾਉਂਦੇ ਪੰਛੀ,
ਸਭ ਦੇ ਮਨ ਨੂੰ ਭਾਉਂਦੇ ਪੰਛੀ।

ਸੁੱਤਿਆਂ ਤਾਈਂ ਜਗਾਉਂਦੇ ਪੰਛੀ,
ਮਿੱਠੇ ਗੀਤ ਸੁਣਾਉਂਦੇ ਪੰਛੀ।

ਹੋਵੇ ਸਵੇਰਾ ਤਾਂ ਉੱਡ ਜਾਵਣ,
ਖੇਤਾਂ ਵਿੱਚ ਜਾ ਚੋਗਾ ਖਾਵਣ।

ਵੈਰ-ਵਿਰੋਧ ਮਿਟਾਉਂਦੇ ਪੰਛੀ,
ਗੀਤ ਅਮਨ ਦੇ ਗਾਉਂਦੇ ਪੰਛੀ।

ਰੰਗ-ਬਿਰੰਗੇ ਕਈ ਰੰਗਾਂ ਦੇ,
ਅੰਬਰੀਂ ਉਡਾਰੀ ਲਾਉਂਦੇ ਪੰਛੀ।

ਬਾਤ ਪਿਆਰ ਦੀ ਪਾਉਂਦੇ ਪੰਛੀ।
ਸਭ ਦੇ ਮਨ ਨੂੰ ਭਾਉਂਦੇ ਪੰਛੀ।

ਅਮਰੀਕ ਸਿੰਘ ਤਲਵੰਡੀ
94635-42896



# ਨਵੀਂ ਜਮਾਤ

ਨਵੀਂ ਜਮਾਤ ਦੀ ਪੜ੍ਹਾਈ, ਸ਼ੁਰੂ ਤੋਂ ਹੀ ਕਰੀਏ।
ਨਵੀਆਂ ਕਿਤਾਬਾਂ ਆਪਾਂ, ਚਾਵਾਂ ਨਾਲ਼ ਪੜ੍ਹੀਏ।

ਪੀ.ਟੀ. ਸਰ ਮੂਹਰੇ ਖੜ੍ਹ, ਪੀ.ਟੀ. ਨੇ ਕਰਾਂਵਦੇ।
ਹਰ ਰੋਜ਼ ਨਵੇਂ ਵਿਚਾਰ, ਨਵੇਂ ਸਰ ਨੇ ਸੁਣਾਂਵਦੇ।

ਪ੍ਰਾਰਥਨਾ ਪਿੱਛੋਂ ਸਰ, ਸਾਡੀ ਵੇਖਦੇ ਨੇ ਸਫ਼ਾਈ।
ਵਰਦੀ ਦੇ ਨਾਲ਼, ਵੇਂਹਦੇ ਨਹੁੰਆਂ ਦੀ ਕਟਾਈ।

ਬੜਾ ਸੁਹਣਾ ਕਮਰਾ ਜੋ, ਨਵਾਂ ਸਾਨੂੰ ਮਿਲਿਆ।
ਰੰਗ-ਬਿਰੰਗੇ ਚਾਰਟ ਵੇਖ, ਮਨ ਸਾਡਾ ਖਿਲਿਆ।

ਸਾਡੇ ਸਰ ਜਦੋਂ ਸਾਡੀ, ਹਾਜ਼ਰੀ ਲਗਾਉਂਦੇ ਨੇ।
'ਕੱਲੇ-'ਕੱਲੇ ਬੱਚੇ ਨੂੰ, ਪਿਆਰ ਨਾਲ਼ ਬੁਲਾਉਂਦੇ ਨੇ।

ਸਾਡੇ ਸਰ ਸਾਨੂੰ ਬੜੀ, ਮਿਹਨਤ ਕਰਾਉਂਦੇ ਨੇ।
ਏਸੇ ਲਈ ਬੱਚਿਆਂ ਤੋਂ, ਸਤਿਕਾਰ ਵੀ ਪਾਉਂਦੇ ਨੇ।

'ਅਮਰੀਕ' ਸਰ ਸ਼ਨੀਵਾਰ, ਬਾਲ ਸਭਾ ਲਾਉਂਦੇ ਨੇ।
ਕਵਿਤਾਵਾਂ ਸਾਥੋਂ ਸੁਣਦੇ, ਆਪ ਵੀ ਸੁਣਾਉਂਦੇ ਨੇ।



ਬਾਲ-ਨਾਵਲ

ਜੋਗਿੰਦਰ ਕੌਰ ਅਗਨੀਹੋਤਰੀ

# ਚੰਦਨ

**ਕਾਂਡ**: 7

ਸਰਦੀ ਦੀ ਰੁੱਤ ਦੀ ਕੋਸੀ-ਕੋਸੀ ਦੁਪਹਿਰ ਸੀ। ਚੰਨੂੰ ਨੇ ਕੇਸੀਂ ਇਸ਼ਨਾਨ ਕੀਤਾ ਤਾਂ ਰਮਨ ਦੇ ਕੱਪੜੇ ਪਾ ਕੇ ਸਵੈਟਰ ਪਾ ਲਿਆ, ਕਾਲ਼ੇ ਲੰਮੇ ਕੇਸ, ਨੀਲੀਆਂ ਅੱਖਾਂ, ਗੋਰਾ ਰੰਗ ਚੰਨੂੰ ਤੂੰ ਤਾਂ ਇੱਕ ਰਾਜ ਕੁਮਾਰ ਵਰਗਾ। ਮਹਿੰਦਰੋ ਚੰਨੂੰ ਨੂੰ ਇਸ ਤਰ੍ਹਾਂ ਦੇਖ ਅੰਦਰੋ-ਅੰਦਰੀ ਖਿੜ ਗਈ। ਉਹ ਝੁੱਗੀ ਦੇ ਅੰਦਰ ਗਈ ਤਾਂ ਅੰਗੂਠੇ ਕੋਲ਼ ਵਾਲ਼ੀ ਪਹਿਲੀ ਉਂਗਲ ਨੂੰ ਸੁਰਮੇ ਨਾਲ਼ ਲਬੇੜ ਕੇ ਲਿਆਈ ਤੇ ਚੰਨੂੰ ਨੂੰ ਬੋਲ ਮਾਰ ਕੇ ਕਹਿਣ ਲੱਗੀ, ‘‘ਵੇ ਚੰਨੂੰ ਐਧਰ ਆ ਮੇਰੇ ਕੋਲ਼ੇ...’’

‘‘ਹਾਂ, ਮਾਂ ਦੱਸੋ’’ ਵਧੀਆ ਕੱਪੜੇ ਪਾ ਕੇ ਚੰਨੂੰ ਇੰਞ ਲੱਗ ਰਿਹਾ ਸੀ, ਜਿਵੇਂ ਸੁੱਚ-ਮੁੱਚ ਪੜ੍ਹਦਾ ਹੋਵੇ ਤਾਂ ਹੀ ਉਸਨੇ ਆਪਣੀ ਮਾਂ ਨੂੰ ਸਲੀਕੇ ਨਾਲ਼ ਉੱਤਰ ਦਿੱਤਾ ਤੇ ਉਸਦੇ ਕੋਲ਼ ਚਲਾ ਗਿਆ। ਉਸਦੀ ਮਾਂ ਨੇ ਉਸਦਾ ਮੱਥਾ ਚੁੰਮਦਿਆਂ ਕਿਹਾ, ‘‘ਆ ਵੇ ਮੇਰਿਆ ਚੰਨ ਪੁੱਤਰਾ’’ ਤੇ ਨਾਲ਼ ਹੀ ਕੰਨ ਦੇ ਪਿੱਛੇ ਸੁਰਮੇ ਦਾ ਟਿੱਕਾ ਲਾਇਆ ਤੇ ਨਾਲ਼ ਹੀ ਥੁੱਕਿਆ।

‘‘ਮਾਂ ਥੁੱਕਦੀ ਕਿਉਂ ਐਂ?’’

‘‘ਕਿਤੇ ਮੇਰੇ ਚੰਨੂੰ ਨੂੰ ਨਜ਼ਰ ਨਾ ਲੱਗ ਜਾਵੇ।’’

‘‘ਮਾਂ ਮੈਂ ਸੁਹਣਾ ਲੱਗਦਾਂ?’’

‘‘ਮਾਸਟਰ ਦੇ ਬੱਚਿਆਂ ਵਰਗਾ ਸੁਹਣਾ ਲੱਗਦਾਂ?’’

‘‘ਹਾਂ, ਬਹੁਤ ਸੁਹਣਾ ਇਵੇਂ ਜਿਵੇਂ ਪੜ੍ਹੇ ਹੁੰਦੇ ਨੇ।’’

‘‘ਮਾਂ ਮਾਸਟਰ ਮੈਨੂੰ ਕਹਿੰਦਾ ਸੀ ਤੂੰ ਪੜ੍ਹ ਲੈ। ਮਾਸਟਰਨੀ ਵੀ ਕਹਿੰਦੀ ਸੀ। ਮੈਂ ਕਿਹਾ ਮੈਂ ਤਾਂ ਪੜ੍ਹਦਾ ਨ੍ਹੀਂ। ਉਹ ਕਹਿੰਦਾ ਸੀ ਮੈਂ ਤੇਰਾ ਸਾਰਾ ਖ਼ਰਚਾ ਕਰਦੂੰ...’’

‘‘ਅੱਛਾ, ਐਂ ਕਹਿੰਦਾ ਸੀ?’’

‘‘ਹਾਂ, ਉਹ ਕਹਿੰਦਾ ਸੀ ਕਿ ਤੂੰ ਆਪਣੇ ਮਾਂ-ਪਿਉ ਨੂੰ ਮੇਰੇ ਕੋਲ਼ੇ ਸੱਦ ਕੇ ਲਿਆਵੀਂ...’’

‘‘ਫੇਰ ਤੂੰ ਕੀ ਕਿਹਾ?’’

‘‘ਮੈਂ ਕਿਹਾ ਚੰਗਾ।’’

‘‘ਮੇਰਾ ਤਾਂ ਤੈਨੂੰ ਪੜ੍ਹਾਉਣ ਨੂੰ ਜੀਅ ਕਰਦੈ, ਮੈਂ ਤੇਰੇ ਬਾਪੂ ਕੋਲ਼ੇ ਕਰੂੰਗੀ ਗੱਲ...’’

‘‘ਉਹ ਕਹਿੰਦਾ ਅਸੀਂ ਹਰੇਕ ਨੂੰ ਨ੍ਹੀਂ ਮਾਰਦੇ ਜਿਹੜਾ ਸ਼ਰਾਰਤ ਕਰੇ ਜਾਂ ਪੜ੍ਹੇ ਨਾ ਉਹਨੂੰ ਈ ਮਾਰਨਾ ਪੈਂਦੇ...’’

‘‘ਚਲ ਕੋਈ ਨ੍ਹੀਂ ਮਾਸਟਰ ਵੀ ਤਾਂ ਮਾਂ-ਪਿਉ ਵਰਗੇ ਹੁੰਦੇ ਨੇ ਜੇ ਗ਼ਲਤੀ ਕਰਨ ਤੇ ਮਾਰਨਗੇ ਤਾਂ ਵੀ ਕੀ ਐ...’’

ਉਹ ਅਜੇ ਗੱਲਾਂ ਕਰ ਹੀ ਰਹੇ ਸਨ ਕਿ ਲਾਲ

ਆ ਗਿਆ। ਚੰਨੂੰ ਦੇ ਸੁਹਣੇ ਕੱਪੜੇ ਦੇਖ ਕੇ ਉਹ ਵੀ ਖ਼ੁਸ਼ ਹੋ ਗਿਆ। ਉਸਨੇ ਖ਼ੁਸ਼ੀ ਵਿੱਚ ਕਿਹਾ, ''ਆ ਬਈ ਚੰਨਿਆ ਅੱਜ ਤਾਂ ਸੱਚੀ ਚੰਨ ਵਰਗਾ ਲੱਗਦੈਂ, ਕੱਪੜੇ ਵੀ ਬਾਹਲ਼ੇ ਸੁਹਣੇ ਨੇ...''

''ਮਾਸਟਰਾਂ ਕਿਉਂ ਲਿਆਇਆਂ...''

''ਦੂਜੇ ਜੁਆਕਾਂ ਦੇ ਕੱਪੜੇ ਨ੍ਹੀਂ ਮਿਲੇ?''

''ਉਨ੍ਹਾਂ ਦੇ ਦੋ ਮੁੰਡੇ ਈ ਨੇ ਇਹਦੇ ਜਿੱਡੇ।''

''ਅੱਜ ਤਾਂ ਇਹ ਮਾਸਟਰ ਦਾ ਮੁੰਡਾ ਈ ਲੱਗਦੈ।''

''ਆਪਾਂ ਇਹਨੂੰ ਮਾਸਟਰ ਦਾ ਮੁੰਡਾ ਈ ਨਾ ਬਣਾ ਦੀਏ...''

''ਭੋਲ਼ੀਏ! ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ।''

''ਨਹੀਂ, ਮਾਸਟਰ ਬੜਾ ਚੰਗੈ। ਉਹ ਕਹਿੰਦਾ ਸੀ ਬਈ ਤੂੰ ਆਪਣੇ ਮਾਂ-ਪਿਉ ਨੂੰ ਮੇਰੇ ਕੋਲ਼ੇ ਸੱਦ ਕੇ ਲਿਆਈਂ...''

''ਕਾਹਦੇ ਵਾਸਤੇ?''

''ਉਹ ਕਹਿੰਦਾ ਬਈ ਤੂੰ ਸਕੂਲ 'ਚ ਪੜ੍ਹਨ ਲੱਗ ਜਾ।''

''ਕਿਉਂ ਚੰਨੂੰ ਲੱਗਣੈ?''

''ਹਾਂ, ਮੈਂ ਪੜ੍ਹਨ ਲੱਗਣੈ, ਮਾਸਟਰ ਕਹਿੰਦਾ ਸੀ ਮੈਂ ਆਪੇ ਤੇਰੀ ਫੀਸ ਭਰੂੰ ਆਪੇ ਵਰਦੀ ਲਿਆਊਂ ਤੇ ਆਪੇ ਈ ਕਿਤਾਬਾਂ ਲੈ ਕੇ ਦੇਊਂ।''

''ਕਿਉਂ ਮਹਿੰਦਰੋ? ਕਿਵੇਂ ਕਰਨੈ?''

''ਚਲ ਆਪਣੀ ਤਾਂ ਜੂਨੀ ਪਤਾ ਈ ਐ, ਪਰ ਇਹਨੂੰ ਤਾਂ ਪੜ੍ਹਾ ਕੇ ਦੇਖ ਲੀਏ...''

''ਤੇਰੀ ਮਰਜ਼ੀ ਐ।''

''ਤੂੰ ਮਾਸਟਰ ਕੋਲ਼ੇ ਜਾ ਕੇ ਆਵੀਂ...''

''ਹਾਂ ਮੈਂ ਜਾ ਕੇ ਆਊਂਗਾ, ਛੁੱਟੀ ਵਾਲ਼ੇ ਦਿਨ ਜਾਊਂਗਾ।''

''ਕੱਲ੍ਹ ਨੂੰ ਐਤਵਾਰ ਐ, ਉਨ੍ਹਾ ਨੂੰ ਛੁੱਟੀ ਐ।''

ਮਹਿੰਦਰੋ ਤੇ ਲਾਲ ਨੇ ਚੰਨੂੰ ਨੂੰ ਸਕੂਲ ਪੜ੍ਹਾਉਣ ਦਾ ਫ਼ੈਸਲਾ ਕਰ ਲਿਆ, ਪਰ ਇੱਕ ਵਾਰ ਉਹ ਮਾਸਟਰ ਦੇ ਘਰ ਜਾ ਕੇ ਉਸਦੀ ਜ਼ਿੰਮੇਵਾਰੀ ਨੂੰ ਹੋਰ ਪੱਕਾ ਕਰਨਾ ਚਾਹੁੰਦੇ ਸਨ। ਚੰਨੂੰ ਸਕੂਲ ਲੱਗਣ ਵਾਸਤੇ ਖ਼ੁਸ਼ ਸੀ।

ਐਤਵਾਰ ਆ ਗਿਆ। ਲਾਲ ਨੇ ਬੀਨ ਚੁੱਕੀ ਤੇ ਦੋਵਾਂ ਮੋਢਿਆਂ ਤੇ ਸੋਟੀ ਅਤੇ ਝੋਲ਼ੀਆਂ ਟੰਗੀਆਂ। ਇੱਕ ਵਿੱਚ ਸੱਪਾਂ ਵਾਲ਼ੀ ਪਟਾਰੀ ਤੇ ਦੂਜੀ ਵਿੱਚ ਵੀ ਹੋਰ ਚੀਜ਼ਾਂ ਸਨ। ਉਹਦੀ ਜੇਬ ਵਿੱਚ ਦਵਾਈ ਸੀ। ਉਹ ਘਰੋਂ ਤੁਰ ਪਿਆ।

''ਮਾਂ ਮੇਰਾ ਬਾਪੂ ਸਾਰੀਆਂ ਚੀਜ਼ਾਂ ਈ ਲੈ ਗਿਆ...''

''ਫੇਰ ਕੀ ਹੋ ਗਿਆ? ਤੂੰ ਕਿਹੜਾ ਕਿਤੇ ਜਾਣੈ?''

''ਨਹੀਂ ਐਨਾ ਕੁਸ਼ ਦੇਖਕੇ ਮਾਸਟਰ ਕਿ ਕਹੂਗਾ...''

''ਕੁਸ਼ ਨ੍ਹੀਂ ਕਹਿੰਦਾ। ਉਹਨੂੰ ਪਤਾ ਈਐ ਕਿ ਜੋਗੀ ਕੀ ਕੰਮ ਕਰਦੇ ਨੇ, ਐਂ ਆਪਾਂ ਧੰਦਾ ਤਾਂ ਨ੍ਹੀਂ ਛੱਡਣਾ'' ਮਾਂ ਦੀ ਗੱਲ ਸੁਣ ਕੇ ਚੰਨੂੰ ਚੁੱਪ ਕਰ ਗਿਆ।

ਚੰਨੂੰ ਮੰਗਣ ਨਾ ਗਿਆ ਤਾਂ ਮਹਿੰਦਰੋ ਨੇ ਕਿਹਾ, ''ਚੰਨੂੰ ਆਪਾਂ ਨੂੰ ਮੰਗੇ ਬਿਨਾਂ ਤਾਂ ਸਰਨਾ ਨ੍ਹੀਂ।''

''ਜਦੋਂ ਮੈਂ ਸਕੂਲ ਜਾਊਂਗਾ, ਉਦੋਂ ਕੌਣ ਮੰਗ ਕੇ ਲਿਆਇਆ ਕਰੂ?''

''ਫੇਰ ਆਥਣੇ ਵਗ ਜਿਆ ਕਰੀਂ...''

''ਜੇ ਮਾਸਟਰ ਨੇ ਨਾ ਜਾਣ ਦਿੱਤਾ...''

''ਜੇ ਮਾਸਟਰ ਤੈਨੂੰ ਰੋਟੀ ਦੇ ਦੂ ਫੇਰ ਤੂੰ ਨਾ ਜਾਵੀਂ...''

''ਚੰਗਾ।''

ਮਹਿੰਦਰੋ ਝੁੱਗੀ ਵਿੱਚ ਬੈਠ ਕੇ ਸੂਈ ਧਾਗੇ ਨਾਲ਼ ਝੁੱਗੀ ਦੇ ਪਾਟੇ ਕੱਪੜਿਆਂ ਨੂੰ ਸਿਉਣ ਲੱਗ ਪਈ। ਚੰਨੂੰ ਕੱਪੜੇ ਪਾ ਕੇ ਫੁੱਲਿਆ ਨਹੀਂ ਸਮਾਉਂਦਾ ਸੀ। ਉਹਦਾ ਭਰਾ ਤੇ ਭੈਣ ਉਸਦੇ ਕੱਪੜਿਆਂ ਤੇ ਹੱਥ ਲਾ ਕੇ ਦੇਖਣ ਲੱਗੇ ਤਾਂ ਚੰਨੂੰ ਨੇ ਕਿਹਾ, ''ਮੇਰੇ ਕੱਪੜਿਆਂ ਤੇ ਮਿੱਟੀ ਵਾਲ਼ੇ ਹੱਥ ਨਾ ਲਾਇਓ...''

''ਬਾਈ ਤੂੰ ਹਾਲ਼ੇ ਪੜ੍ਹਿਆ ਤਾਂ ਨ੍ਹੀਂ...''

''ਤਾਸੋ ਮੈਂ ਹੁਣ ਸਕੂਲ ਜਾਇਆ ਕਰੂੰਗਾ...''

''ਫੇਰ ਤੂੰ ਮੰਗਣ ਨ੍ਹੀਂ ਜਾਂਦਾ?''

''ਨਹੀਂ, ਮੈਂ ਫੇਰ ਮੰਗਣ ਨ੍ਹੀਂ ਜਾਂਦਾ...''

''ਅਸੀਂ ਵੀ ਸਕੂਲ ਲੱਗ ਜਾਵਾਂਗੇ...''

ਚੰਨੂੰ ਚੁੱਪ ਕਰ ਗਿਆ। ਉਹ ਖੇਡਣ ਦੀ ਬਜਾਏ

ਇੱਧਰ-ਉੱਧਰ ਦੇਖ ਰਿਹਾ ਸੀ। ਸ਼ਾਇਦ ਆਪਣੇ ਬਾਪੂ ਨੂੰ ਉਡੀਕ ਰਿਹਾ ਸੀ। ਇੰਨੇ ਵਿੱਚ ਲਾਲ ਆ ਗਿਆ। ਉਸਨੇ ਚੰਨੂੰ ਨੂੰ ਦੇਖ ਕੇ ਕਿਹਾ, "ਲੈ ਬਈ ਪੁੱਤਰਾ ਹੁਣ ਤੂੰ ਮਾਸਟਰ ਬਣ ਗਿਆ ਸਮਝ" ਚੰਨੂੰ ਆਪਣੇ ਪਿਉ ਨੂੰ ਖ਼ੁਸ਼ ਦੇਖ ਕੇ ਖ਼ੁਸ਼ ਹੋ ਗਿਆ। ਉਸਨੂੰ ਪਤਾ ਸੀ ਕਿ ਉਸਦਾ ਪਿਉ ਅੱਜ ਮਾਸਟਰ ਮੋਹਨ ਲਾਲ ਦੇ ਕੋਲ ਗਿਆ ਸੀ। ਉਹ ਹੁਣ ਜ਼ਰੂਰ ਉਸਨੂੰ ਪੜ੍ਹਨ ਲਾ ਦੇਵੇਗਾ। ਲਾਲ ਝੁੱਗੀ ਵੱਲ ਚਲਾ ਗਿਆ, ਚੰਨੂੰ ਵੀ ਉਸਦੇ ਪਿੱਛੇ ਚਲਾ ਗਿਆ। ਮਹਿੰਦਰੋ ਲਾਲ ਦਾ ਚਿਹਰਾ ਪੜ੍ਹਨ ਲੱਗੀ। ਉਸਦੇ ਬੋਲਣ ਤੋਂ ਪਹਿਲਾਂ ਹੀ ਲਾਲ ਬੋਲ ਪਿਆ, "ਮਹਿੰਦਰੋ ਭੇਜ ਈ ਦਿੰਨੇ ਆਂ ਚੰਨੂੰ ਨੂੰ ਸਕੂਲ... ਮਾਸਟਰ ਬਾਹਲ਼ਾ ਈ ਕਹਿੰਦੈ...ਗੱਲ ਮੇਰੇ ਵੀ ਚਿੱਤ ਲੱਗਗੀ।"

"ਮਾਸਟਰ ਆਪਣੇ ਭਲੇ ਵਾਸਤੇ ਈ ਕਹਿੰਦੈ..."

"ਹਾਂ, ਨਹੀਂ ਉਸ ਵਿਚਾਰੇ ਨੇ ਆਪਾਂ ਤੋਂ ਕੀ ਲੈਣੇ..."

"ਹੋਰ ਕੀ ਬੋਲਿਆ ਮਾਸਟਰ।"

"ਜਿਹੜੀਆਂ ਗੱਲਾਂ ਚੰਨੂੰ ਨੇ ਆ ਕੇ ਦੱਸੀਆਂ ਸੀ, ਇਹੀ ਮਾਸਟਰ ਨੇ ਮੈਨੂੰ ਕਹੀਆਂ। ਇੱਕ ਹੋਰ ਵੀ ਗੱਲ ਉਸਨੇ ਕਹੀ ਜਿਹੜੀ ਚੰਨੂੰ ਨੂੰ ਪਤਾ ਨ੍ਹੀਂ ਸੀ। ਉਹ ਕਹਿੰਦਾ ਬਈ, ਮੁੰਡੇ ਨੂੰ ਰੋਟੀ ਵੀ ਮੈਂ ਈ ਖਵਾਊਂ, ਪਰ ਮੈਂ ਮੰਗਣ ਨ੍ਹੀਂ ਜਾਣ ਦਿੰਦਾ।"

"ਆਪਾਂ ਨੂੰ ਮੰਗ ਕੇ ਕਿਹੜਾ ਖ਼ੁਸ਼ੀ ਐ। ਇਹ ਕੰਮ ਕੋਈ ਚੰਗਾ ਤਾਂ ਨ੍ਹੀਂ, ਪਰ ਕੀ ਕਰੀਏ? ਜਦੋਂ ਕੋਲ਼ੇ ਈ ਕੁਝ ਨ੍ਹੀਂ..."

"ਬਸ ਹੁਣ ਆਪਾਂ ਇਹਦਾ ਤਾਂ ਖਹਿੜਾ ਛੱਡੀਏ ਇਹ ਤਾ ਬਸ ਝੁੱਗੀ 'ਚ ਸੌਣ ਈ ਆਇਆ ਕਰੂਗਾ।"

"ਕੋਈ ਗੱਲ੍ਹ ਨ੍ਹੀਂ ਲੋਕ ਫ਼ੌਜ ਦੀ ਨੌਕਰੀ ਕਰਨ ਬਾਹਰ ਤੁਰ ਜਾਂਦੇ ਨੈ ਇਹ ਆਪਣੇ ਸਾਹਮਣੇ ਤਾਂ ਰਹੂ..."

"ਹਾਂ, ਚਲੋ ਵਿਚਾਰੇ ਮਾਸਟਰ ਦਾ ਰੱਬ ਭਲਾ ਕਰੇ।" (ਚਲਦਾ...)



ਪ੍ਰਿੰ.ਨਵਰਾਹੀ ਘੁਗਿਆਣਵੀ, 98150-02302

# ਬਚਪਨ ਦੀ ਯਾਦ

ਬਚਪਨ ਦੀ ਜਦ ਆਉਂਦੀ ਯਾਦ।
ਛਾਂ ਜਾਏ ਉੱਤਮ ਵਿਸਮਾਦ।

ਬੇਫ਼ਿਕਰੀ ਦਾ ਮਾਹੌਲ ਸੁਹਾਣਾ।
ਹਰ ਇੱਕ ਬੱਚਾ ਬੀਬਾ ਰਾਣਾ।

ਮਾਂ ਦੀ ਮਮਤਾ, ਪਿਆਰ ਪਿਤਾ ਦਾ।
ਰੁਹਬ-ਦਾਬ, ਅਧਿਕਾਰ ਪਿਤਾ ਦਾ।

ਖੁੱਲ੍ਹੀਆਂ ਜੂਹਾ, ਸੁਹਣੇ ਖੇਤ।
ਮੋਤੀਆਂ ਵਾਂਗੂੰ ਚਮਕੇ ਰੇਤ।

ਖੂਹ ਦੀ ਗਾਧੀ, ਬੜਾ ਨਜ਼ਾਰਾ।
ਪੀਂਘ ਝੂਟਣੀ, ਸੁਰਗ ਹੁਲਾਰਾ।

ਗੱਡੇ ਦੇ ਮੁੱਖ ਬਹਿਣਾ ਡਟ ਕੇ।
ਜੋ ਕਹਿਣਾ ਸੋ ਕਹਿਣਾ ਡਟ ਕੇ।

ਖ਼ੁਸ਼ੀ-ਖ਼ੁਸ਼ੀ ਜਾਣਾ ਵਿਦਿਆਲੇ।
ਸਹਿ-ਪਾਠੀ ਡਾਢ੍ਹੇ ਮਤਵਾਲ਼ੇ।

ਦੌਲਤ ਰਾਮ ਅਤੇ ਹਰਬੰਸ।
ਸ਼ਾਹ-ਸ਼ਬੀਰ ਅਤੇ ਗੁਰਬੰਸ।

ਹੁਣ ਵੀ ਆਉਂਦੇ ਯਾਦ ਪਿਆਰੇ।
ਕਿੱਧਰ ਗਏ ਹੁਣ ਮਿੱਤਰ ਸਾਰੇ।

ਜਿਉਂ-ਜਿਉਂ ਉਮਰ ਬੀਤਦੀ ਜਾਵੇ।
ਸਮਾਂ ਬੀਤਿਆ, ਚੇਤੇ ਆਵੇ।

'ਨਵਰਾਹੀ' ਯਾਦਾਂ ਅਨਮੋਲ।
ਭਰੇ ਖ਼ਜ਼ਾਨੇ ਮੇਰੇ ਕੋਲ਼।



Registered No. CHD/0063/2021-2023
Registered with the Registrar of Newspapers for India, New Delhi under R.N.I. 34016/80

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੱਤਰ, ਪ੍ਰਿੰਟਰ ਅਤੇ ਪਬਲਿਸ਼ਰ ਨੇ ਬੇਦੀ ਬ੍ਰਦਰਜ਼ ਪ੍ਰਿੰਟਿੰਗ ਪ੍ਰੋਫ਼ੈਸ਼ਨਲ, 14, ਇੰਡਸਟ੍ਰੀਅਲ ਏਰੀਆ, ਫੇਸ-1, ਚੰਡੀਗੜ੍ਹ ਤੋਂ ਛਪਵਾ ਕੇ ਫ਼ੇਜ਼ 8, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 31 ਮਈ 2023 ਨੂੰ ਪ੍ਰਕਾਸ਼ਿਤ ਕੀਤਾ।

ਸੰਪਾਦਕ, ਦਰਸ਼ਨ ਸਿੰਘ ਬਨੂੜ

ਮੁੱਲ: ₹20